ਮਾਸਕ ਪੱਤਰ

ੴ

# ਸੂਰਾ ਅੰਮ੍ਰਿਤਸਰ

ਭਾਈ ਸਾਹਿਬ ਰਾਮ ਸਿੰਘ ਜੀ

ਜਥੇਦਾਰ ਅਖੰਡ ਕੀਰਤਨੀ ਜਥਾ

OCT 1982

ਅਕਤੂਬਰ ੧੯੮੨



ਗ੍ਰਿਫਤਾਰੀ ਦੇਣ ਤੋਂ ਪਹਿਲਾਂ ਗੁ: ਮੰਜੀ ਸਾਹਿਬ ਵਿਖੇ ਭਾਸ਼ਨ ਕਰਦੇ ਹੋਏ

www.AKJ.Org

# ਤਤਕਰਾ


| | | |
|---|---|---|
| ਗਜਾਉਣ ਜੋਗ ਜੈਕਾਰਾ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੩ |
| ਸੱਚੀ ਸੂਰਮਤਾਈ | ,, ,, ,, | ੪ |
| ਦੁਧਾਰੇ ਖੰਡੇ ਵਾਲਾ ਖਾਲਸਾਈ ਨਵਖੰਡੀ ਝੰਡਾ | ,, ,, ,, | ੮ |
| ਪੂਰਬ ਜਨਮ ਕੇ ਮਿਲੇ ਸੰਜੋਗੀ (੯) | ਪ੍ਰੋਫੈਸਰ ਠਾਕਰ ਸਿੰਘ ਜੀ | ੯ |
| ਸਚਿਆਰ-ਪਦ ਦੀ ਪ੍ਰਾਪਤੀ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੧੩ |
| ਸ਼ਹੀਦਾਂ ਦੀ ਕੌਮ (ਕਵਿਤਾ) | ਸ: ਦਾਨ ਸਿੰਘ ਜੀ ਕੋਮਲ | ੧੪ |
| ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ | ਸ: ਮਨਮੋਹਨ ਸਿੰਘ ਜੀ | ੧੫ |
| ਭਗਤੀ ਤੇ ਸ਼ਕਤੀ ਦਾ ਸੁਮੇਲ | ਸ: ਧਰਮ ਸਿੰਘ ਜੀ | ੧੬ |
| ਮਜ਼ਲੂਮ ਹਿੰਦੂਆਂ ਦੇ ਰਾਖੇ ਗੁਰੂ ਗੋਬਿੰਦ ਸਿੰਘ ਜੀ | ਲਾਲਾ ਦੌਲਤ ਰਾਏ ਜੀ | ੧੮ |
| ਰੇ ਨਰ ਕਾਇ ਪਰ-ਗ੍ਰਿਹ ਜਾਇ ? | 'ਸੂਰਾ' ਪਰਵਾਰ | ੨੦ |
| ਸਿਖ ਕੌਮ ਦਾ ਸ਼ਾਨਦਾਰ ਵਿਰਸਾ ਅਤੇ ਅਰੁਣ ਸ਼ੋਰੀ (੩) | ਸ: ਦੇਵਿੰਦਰ ਸਿੰਘ ਜੀ ਦੁੱਗਲ | ੨੨ |
| ਗੁਰੁ ਕਹੈ ਸੁ ਕਾਰ ਕਮਾਇ ਜੀਓ | ਬੀਬੀ ਜੁਗਿੰਦਰ ਕੌਰ ਜੀ | ੨੯ |
| ਸੰਗਤਾਂ ਦੇ ਚਰਨਾਂ ਵਿਚ ਬੇਨਤੀ | – – – | ੩੧ |
| ਤਸਵੀਰਾਂ ਕਿ ਬੁੱਤ | ਸ: ਦਰਸ਼ਨ ਸਿੰਘ ਜੀ | ੩੨ |
| ਸਿੰਘਾਂ ਵਿਚ ਛੇਦਕ ਗਹਿਣੇ | ਸ: ਹਰਬੰਸ ਸਿੰਘ ਜੀ ਲਾਇਲਪੁਰੀ | ੩੪ |
| ਪੰਥਕ ਸਮਾਚਾਰ – – – – | ਅਖ਼ਬਾਰਾਂ ਦੀ ਜ਼ਬਾਨੀ | ੩੬ |
| ਅਖੰਡ ਕੀਰਤਨੀ ਜਥਾ ਮੋਰਚੇ ਵਿਚ ਤੇ ਜਥੇਦਾਰ ਸਾਹਿਬ ਦਾ ਭਾਸ਼ਨ | – – – | ੩੮ |
| ਉਠ ਖਾਲਸਾ ਹੁਸ਼ਿਆਰ ਹੋ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿੱਤਰ | ੩੯ |


| | | | |
|---|---|---|---|
| ਸ੍ਰੀ ਗੁਰੂ ਰਾਮਦਾਸ ਜੀ ਅਵਤਾਰ | ੪ ਅਕਤੂਬਰ | ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਗੁਰਿਆਈ | ੧੧ ਅਕਤੂਬਰ |
| ਸ੍ਰੀ ਗੁਰੂ ਹਰਿ ਰਾਏ ਜੀ ਜੋਤੀ ਜੋਤਿ | ੧੧ ,, | ਸ੍ਰੀ ਗੁਰੂ ਗ੍ਰੰਥ ਸਾਹਿਬ ਗਦੀ ਨੰਦੇੜ | ੧੮ ,, |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ | ੨੨ ,, | — — — | |

## 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਸ: ਇਕਬਾਲ ਸਿੰਘ ਸਾਰਾ, ਵੈਨਕੋਵਰ ਕੈਨੇਡਾ | ਸੂਰਾ ਦੀ ਚੜ੍ਹਦੀ ਕਲਾ ਲਈ | 118-00 |
| ਭਾ: ਸਤਨਾਮ ਸਿੰਘ ਗੁਰਜੀਤ ਸਿੰਘ, ਨਵਾਂ ਕੋਟ, ਅੰਮ੍ਰਿਤਸਰ | ਪਿਤਾ ਜੀ ਦੇ ਭੋਗ ਸਮੇਂ | 151-00 |
| ਮਾਨਯੋਗ ਬਾਉ ਮੱਲ ਸਿੰਘ ਜੀ ਦੇ ਪਰਵਾਰ ਵਲੋਂ | ਉਨ੍ਹਾਂ ਦੀ ਜੀਵਨੀ ਛਾਪਣ ਲਈ | 500-00 |
| ਸ: ਹਰਭਜਨ ਸਿੰਘ ਜੀ Nakuru (ਅਫਰੀਕਾ) | ਸੂਰਾ ਦੀ ਚੜ੍ਹਦੀ ਕਲਾ ਲਈ | 50-21 |
| ਸ: ਗੁਰਬਖ਼ਸ਼ ਸਿੰਘ ਸਿਵੀਆ ਗ੍ਰੇਵਜ਼ੈਂਡ (ਯੂ. ਕੇ.) | ਬੀਬੀ ਨਸੀਬਪਾਲ ਕੌਰ ਦੇ ਅਧਿਆਪਕ ਲਗਣ ਤੇ | 42-30 |
| ਸ: ਰਾਜਿੰਦਰ ਸਿੰਘ Fremount (U.S.A.) | ਆਪਣੀ ਤੇ ਸੂਰਾ ਦੀ ਚੜ੍ਹਦੀ ਕਲਾ ਲਈ | 235-00 |
| ਸ: ਦੀਦਾਰ ਸਿੰਘ ਸੈਣੀ (Derj-Cıbya) | ਸੂਰਾ ਦੀ ਚੜ੍ਹਦੀ ਕਲਾ ਲਈ | 73-80 |
| ਸ: ਗੁਰਦੀਪ ਸਿੰਘ ਨਈਅਰ ਫ਼ੀਰੋਜ਼ਪੁਰ ਸਿਟੀ | ,, ,, ,, | 50-00 |
| ਡਾ: ਚਰਨ ਸਿੰਘ ਫਗਵਾੜਾ | ਲੜਕੇ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 21-00 |
| ਮਿ: ਗੁਲਜ਼ਾਰ ਸਿੰਘ ਸੰਧੂ ਗਰੇਵਜ਼ੈਂਡ | ਸੂਰਾ ਦੀ ਚੜ੍ਹਦੀ ਕਲਾ ਲਈ | 15-43 |
| ਸ: ਸੁਰਿੰਦਰ ਸਿੰਘ ਲੰਡਨ-15 | ,, ,, ,, | 162-30 |
| ਸ: ਸੰਤੋਖ ਸਿੰਘ ਸਗੂ ਐਡਮਿੰਟਨ ਕੈਨੇਡਾ | , ,, ,, | 80-00 |
| ਸ: ਜਸਪ੍ਰੀਤ ਸਿੰਘ ਅੰਮ੍ਰਿਤਸਰ | ,, ,, ,, | 5-00 |


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧. ੧੦. ੮੨ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 5 1 8 4 7 ਘਰ : 4 3 0 9 4



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

# ਸੂਰਾ

ੴ ਵਾਹਿਗੁਰੂ ਜੀ ਕੀ ਫਤਹ

ਮਾਸਕ ~ ਸ੍ਰੀ ਅੰਮ੍ਰਿਤਸਰ ~ ਪੱਤਰ

**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੨੫

ਪਰਦੇਸ
ਸਮੁੰਦਰੀ ਡਾਕ ੩੦-੦੦

ਹਵਾਈ ਡਾਕ
ਅਰਬ, ਮਲਾਇਆ ੪੫-੦੦
ਯੂ. ਕੇ., ਅਫ਼ਰੀਕਾ ੬੦-੦੦
ਕੈਨੇਡਾ, ਅਮਰੀਕਾ ੭੦-੦੦

**ਅਮਾਨਤੀ**
**ਲਾਈਫ਼ ਮੈਂਬਰ**

ਦੇਸ ੧੫੦-੦੦
ਪਰਦੇਸ ੩੦੦-੦੦

ਹਵਾਈ ਡਾਕ
ਯੂ. ਕੇ. ਅਫਰੀਕਾ ੬੫੦-੦੦
ਕੈਨੇਡਾ, ਅਮਰੀਕਾ ੭੦੦-੦੦
ਅਰਬ ਮਲਾਇਆ ੫੦੦-੦੦

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੯ ਅਕਤੂਬਰ ੧੯੮੨ ਅੰਕ ੧੦

## ਗਜਾਉਣ ਜੋਗ ਜੈਕਾਰਾ

[ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਜਗਤ ਗੁਰੂ ਸ੍ਰੀ ਗੁਰੂ ਨਾਨਕ ਦਸਮੇਸ਼ ਜੀ ਸਾਰੇ ਜਗਤ ਦਾ ਉਧਾਰ ਕਰਨ ਆਏ। ਸਾਰੇ ਦੇਸ਼ਾਂਤਰਾਂ ਨੂੰ ਉਭਾਰਨ ਹਿਤ ਦਸਾਂ ਗੁਰੂ-ਜੋਤਿ-ਜਾਮਿਆਂ ਵਿਚ ਅਵਤਾਰ ਧਾਰਿਆ। ਇਕ ਅਕਾਲ ਪੁਰਖ ਦਾ ਨਾਮ ਜਪਾਇਆ। ਇਕੋ ਅਕਾਲ ਦੀ ਉਪਾਸ਼ਨਾ ਦ੍ਰਿੜ੍ਹਾਈ ਵਿਚਾਰੀ। ਇਕੋ ਅਕਾਲ ਦੇ ਨਾਮ ਦੀ ਸੱਚੀ ਉਪਾਸ਼ਨਾ ਦਾ ਸੱਚਾ ਢੋਆ ਨਵਖੰਡ ਪ੍ਰਿਥਵੀ ਵਿਖੇ ਢੋਇ ਕੇ ਚਾਰ ਕੁੰਟ ਚੌਦ੍ਹਾਂ ਭਵਨਾਂ ਨੂੰ ਗੁਰੂ ਸਾਹਿਬ ਨੇ ਤਾਰਿਆ, ਉਭਾਰਿਆ, ਉਧਾਰਿਆ। ਇਸ ਡਿਸਕਵਰ (discover) ਹੋ ਚੁਕੇ ਭਾਰਤ-ਖੰਡ ਵਿਖੇ ਹੀ ਨਹੀਂ, ਬਲਕਿ ਅਨੇਕਾਂ ਅਤੇ ਅਨਗਿਣਤ ਗੁਪਤ ਪਰਗਟ ਦੀਪਾਂ, ਲੋਆਂ, ਖੰਡਾਂ, ਬ੍ਰਹਿਮੰਡਾਂ, ਅਣਦਿਸਦੇ ਮੰਡਲਾਂ ਮਈ ਸ੍ਰਿਸ਼ਟੀਆਂ ਵਿਖੇ ਆਪਣੇ ਸੱਚੇ ਮਿਸ਼ਨ ਦਾ ਡੰਕਾ ਬਜਾਇਆ, ਨਾਮ ਦਾ ਖੰਡਾ ਖੜਕਾਇਆ ਅਤੇ ਅਕਾਲ-ਨੈਸਾਨੀ ਝੰਡਾ ਝੁਲਾਇਆ, ਇਕ ਅਕਾਲ ਦੇ ਨਾਮ ਦਾ ਜੈਕਾਰਾ ਗਜਾਇਆ। ਸਰਬ ਦੇਸਾਂ ਦੇ ਸਾਂਝੇ ਮਾਲਕ, ਸਭ ਮਾਲਕਾਂ ਦੇ ਸਾਂਝੇ ਪ੍ਰਤਿਪਾਲਕ, ਇਕ ਅਕਾਲ ਪੁਰਖ ਦਾ ਜੈ-ਜੈਕਾਰ ਗਜਾਇਆ। ...... ...... ......

ਇਕ ਅਕਾਲ ਪੁਰਖ ਦਾ ਜੈਕਾਰਾ "ਸਤਿ ਸ੍ਰੀ ਅਕਾਲ" ਵਾਲਾ ਜੈਕਾਰਾ ਹੀ ਗਜਾਉਣ ਜੋਗ ਸੱਚਾ ਜੈਕਾਰਾ ਹੈ। ਹੋਰ ਸਭ ਕੱਚੇ ਅਤੇ ਕੱਚ-ਮਤੀਏ ਜੈਕਾਰੇ ਹਨ।

"ਗੁਰਮਤਿ ਵਿਚਾਰ" ਪੁਸਤਕ ਵਿਚੋਂ



www.AKJ.Org

# ਸੱਚੀ ਸੂਰਮਤਾਈ

[ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਅਸਲ ਸੂਰਮੇ ਉਹ ਨਹੀਂ, ਹਰਗਿਜ਼ ਨਹੀਂ ਕਹਾ ਸਕਦੇ ਜੋ ਮਨ ਦੇ ਹੰਕਾਰ ਕਰਕੇ ਲੜ ਭਿੜ ਮਰਦੇ ਹਨ। ਨਿਸ਼ਕਾਮ ਸੂਰਮਤਾਈ, ਸੱਚੀ ਸੂਰਮਤਾਈ ਕੇਵਲ ਗੁਰੂ ਘਰ ਦੇ ਵਰੋਸਾਏ ਗੁਰਮੁਖ ਜਨਾਂ ਦੀ ਆਤਮਾ ਅੰਦਰ ਹੀ ਆ ਸਕਦੀ ਹੈ। ਗੁਰੂ ਨਾਨਕ ਸਾਹਿਬ ਦੇ ਘਰ ਦੇ ਨਾਮ-ਰੰਗ-ਰਤੜੇ, ਗੁਰਮੁਖ ਜਨ ਹੀ ਸੱਚੇ ਸੂਰਮੇ ਹੋ ਸਕਦੇ ਹਨ। ਯਥਾ ਗੁਰਵਾਕ:–

ਜਾ ਕਉ ਹਰਿ ਰੰਗੁ ਲਾਗਉ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ...੧॥ (੨॥੪॥੩੫॥)
ਧਨਾਸਰੀ ਮ: ੫, ਪੰਨਾ ੬੭੦

ਸਪੱਸ਼ਟ ਭਾਵ ਹੈ ਅਤੇ ਸੱਚੇ ਸੂਰਮੇ ਦੀ ਗੁਰਮੁਖ ਡੈਫ਼ੀਨੀਸ਼ਨ ਕਿਆ ਸੁੰਦਰ ਦਸੀ ਹੈ ਕਿ ਸੱਚਾ ਸੂਰਮਾ ਸੱਚ ਮੁੱਚ ਉਹੀ ਹੈ ਜਿਸ ਨੂੰ ਵਾਹਿਗੁਰੂ ਨਾਮ ਦੇ ਰੰਗ ਪ੍ਰਾਪਤ ਹਨ। ਵਾਹਿਗੁਰੂ ਨਾਮ ਦੇ ਰੰਗਾਂ ਵਿਚ ਹੀ ਆ ਕੇ, ਦੇਹੋਂ ਬਿਦੇਹ ਹੋ ਕੇ ਸੱਚੇ ਆਤਮ-ਰਸ-ਰੰਗ ਖਿੜਦੇ ਹਨ ਅਤੇ ਆਤਮ-ਰੰਗ ਖਿੜੇ ਬਾਝੋਂ ਮਨੂਆ ਜਿਤਿਆ ਨਹੀਂ ਜਾ ਸਕਦਾ, ਅਤੇ ਨਾ ਹੀ ਨਿਸ਼ਕਾਮ ਭਗਤੀ ਅਤੇ ਸੱਚੀ ਉਪਕਾਰ-ਗੀਧੀ ਨਿਰੋਲ ਸੂਰਮਤਾਈ ਹਿਰਦੇ ਅੰਦਰ ਪ੍ਰਵੇਸ਼ ਹੁੰਦੀ ਹੈ। ਜਿਸ ਜਨ ਨੇ ਆਪਣਾ ਆਤਮਾ ਜਿਣ ਲਿਆ, ਉਹ ਜਨ ਹੀ ਬੇਪਰਵਾਹ ਅਤੇ ਬੇਮੁਹਤਾਜ ਹੋ ਕੇ ਜਗਤ-ਕਾਰ ਨੂੰ ਮਿਟਾ ਮੁਟਾ ਕੇ ਸਾਰੇ ਜਗਤ ਨੂੰ ਆਪਣੇ ਵਸਗੱਤ ਕਰ ਸਕਦਾ ਹੈ। ਪ੍ਰੰਤੂ ਇਹ ਬੇਪਰਵਾਹੀ ਅਤੇ ਬੇਮੁਤਾਜੀ, ਸੱਚੀ ਕੁਰਬਾਨੀ, ਕੇਵਲ ਉਸ ਗੁਰਮੁਖ ਜਨ ਦੇ ਅੰਦਰ ਹੀ ਆ ਸਕਦੀ ਹੈ ਜਿਸ ਨੂੰ ਸੱਚੇ ਸਤਿਗੁਰੂ ਦੀ ਸੱਚੀ ਗੁਰ-ਦੀਖਿਆ ਪ੍ਰਾਪਤ ਹੋ ਗਈ ਹੋਵੇ। ਸੱਚਾ ਸਤਿਗੁਰੂ ਗੁਰੂ ਬਾਝੋਂ ਹੋਰ ਕੋਈ ਨਹੀਂ ਹੋ ਸਕਦਾ। ਤਾਂ ਤੇ ਸਿਰ ਧੜ ਦੀ ਬਾਜ਼ੀ ਲਾਉਣ ਵਾਲੀ ਸੱਚੀ ਸੂਰਬੀਰਤਾ ਗੁਰੂ ਘਰ ਦੇ ਰੰਗ-ਰੱਤੜੇ ਗੁਰਮੁਖ ਜਨਾਂ ਦੇ ਨਿਰਭੈ ਆਤਮਾ ਵਿਖੇ ਹੀ ਆ ਸਕਦੀ ਹੈ। ਆਤਮ-ਰੰਗਾਂ ਵਿਚ ਵਾਹਿਗੁਰੂ ਦੀ ਸਿਫ਼ਤ ਸਲਾਹ ਕਰਨਹਾਰੇ, ਵਾਹਿਗੁਰੂ ਦਾ ਜਸ ਗਾਵਣਹਾਰੇ ਨਿਸ਼ਕਾਮ ਗੁਰਮੁਖ ਭਗਤ ਜਨਾਂ ਦੇ ਆਤਮ ਜੀਵਨ ਅੰਦਰ ਹੀ ਪਰਵੇਸ਼ ਹੋ ਸਕਦੀ ਹੈ। ਇਸ ਬਿਧਿ ਪਰਵੇਸ਼ ਹੋਈ ਆਤਮ-ਕਣੀ ਜਿਸ ਜਨ ਅੰਦਰ ਮੌਜੂਦ ਹੈ, ਉਸ ਦੇ ਆਤਮ-ਰੰਗ-ਰੱਤੜੇ-ਜੀਵਨ ਅੰਦਰ ਹੀ ਸੱਚੀ ਸੂਰਬੀਰਤਾ ਵਾਲੀ ਸੱਚੀ ਸਪਿਰਿਟ ਆ ਸਕਦੀ ਹੈ। ਗੁਰੂ ਘਰ, ਗੁਰੂ ਨਾਨਕ ਸਾਹਿਬ ਦਾ ਬਖਸ਼ਿਆ ਹੋਇਆ ਚਲੂਲਾ ਰੰਗ ਹੀ ਸਹਿਜ ਅਵਸਥਾ ਨੂੰ ਅਪੜਾ ਸਕਦਾ ਹੈ। ਇਸ ਸਹਿਜ ਅਵਸਥਾ ਵਿਚ ਲੀਨ ਹੋਏ ਬਾਝੋਂ ਸੱਚੀ ਨਿਰਭੈਤਾ ਨਹੀਂ ਉਪਜਦੀ, ਅਤੇ ਤਿਥੇ ਹੀ ਸੱਚੇ ਆਤਮ-ਰੰਗਾਂ ਵਾਲੀ ਨਿਸ਼ਕਾਮ ਸੂਰਬੀਰਤਾ ਉਪਜਦੀ ਹੈ। ਤਾਂ ਤੇ ਗੁਰੂ ਘਰ ਦੇ ਆਤਮ ਜੀਵਨ ਵਾਲੇ ਰੰਗ ਰੱਤੜੇ ਸੱਚੇ ਗੁਰਮੁਖ ਜਨਾਂ ਅੰਦਰ ਹੀ ਸੱਚੀ ਸੂਰਮਤਾਈ ਉਪਜਦੀ ਹੈ।

ਆਤਮ ਜਿਣੈ ਸਗਲ ਵਸਿ ਤਾ ਕੈ, ਜਾ ਕਾ ਸਤਿਗੁਰੁ ਪੂਰਾ ॥੧॥ ਧਨਾਸਰੀ ਮ: ੫, ਪੰਨਾ ੬੮੦ ਮਈ ਗੁਰ-ਸੱਚੀ-ਵਾਕ-ਪੰਗਤੀ ਨੇ ਸਪੱਸ਼ਟ ਹੀ ਫ਼ੈਸਲਾ ਕਰ ਦਿਤਾ ਕਿ ਸਤਿਗੁਰ ਪੂਰੇ ਦੀ ਗੁਰ-ਦੀਖਿਆ ਜਿਸ ਨੂੰ ਪ੍ਰਾਪਤ ਹੋਈ ਹੈ, ਉਹੀ ਸੱਚਾ ਸੂਰਮਾ ਬਣ ਸਕਦਾ ਹੈ।

ਇਸ ਗੱਲ ਵਿਚ ਰੰਚਕ ਸੰਦੇਹ ਨਹੀਂ ਕਿ "ਗੁਰ ਪੂਰੇ ਵਾਲੀ" ਸੱਚੀ ਘਟਨਾ ਕੇਵਲ ਗੁਰੂ ਨਾਨਕ ਸਾਹਿਬ ਅਤੇ ਗੁਰ ਨਾਨਕ ਸਾਹਿਬ ਦੇ ਦਸੇ ਗੁਰ ਜਾਮਿਆਂ ਉਪਰ ਘਟ ਸਕਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਪੱਸ਼ਟ ਫ਼ੈਸਲਾ ਕਰ ਦਿਤਾ ਹੋਇਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਪਿਛੋਂ ਕਚ-ਪਿਚ ਪੂਰੇ ਸੂਰੇ ਦੇਹਧਾਰੀ ਗੁਰੂਆਂ ਦਾ ਸਿਲਸਿਲਾ ਉਕਾ ਹੀ ਮੁਕ ਚੁਕਾ ਹੈ। ਸਤਿਗੁਰ ਨਾਨਕ ਸਾਹਿਬ ਬਾਝੋਂ ਹੋਰ ਪੂਰਾ ਗੁਰੂ ਕੋਈ ਨਹੀਂ ਕਹਾ ਸਕਦਾ। ਗੁਰੂ ਨਾਨਕ ਸੱਚਾ ਪਾਤਸ਼ਾਹ ਰੰਗ ਰਤੜੇ ਗੁਰਮੁਖ ਜਨਾਂ ਦੇ ਰੰਗ ਰਤੜੇ



www.AKJ.Org

ਘਟਾਂ ਅੰਦਰ ਹਰ ਦਮ ਮੌਜੂਦ ਹੈ ਅਤੇ ਜਿਹੋ ਜਿਹੀ ਸ਼ਰਧਾ ਕਰਿ ਗੁਰ ਨਾਨਕ ਸਾਹਿਬ ਜੀ ਨੂੰ ਅਰਾਧਦੇ ਹਨ ਤਿਥੇ ਹੀ ਗੁਰ ਨਾਨਕ ਸੱਚਾ ਪਾਤਸ਼ਾਹ, ਪੂਰਾ ਗੁਰੂ ਨਾਨਕ ਸਾਹਿਬ, ਪੂਰੀ ਬਣਤ ਬਣਾਇ ਕੇ ਪਰਤੱਖ ਦਰਸ਼ਨ ਦਿਖਾਇ ਦੇਂਦਾ ਹੈ। ਤਾਂ ਤੇ ਪੂਰੇ ਅਪੂਰੇ ਕੱਚ-ਪਿਚੇ ਗੁਰੂ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਸੱਚਾ ਸਤਿਗੁਰੂ, ''ਸਤਿਗੁਰ ਬਾਝਹੁ ਗੁਰੁ ਨਹੀ ਕੋਈ''* ਨਿਰਸੰਦੇਹ ਹੈ ਹੀ ਨਹੀਂ।

ਤਾਂ ਤੇ ਗੁਰੂ ਘਰ, ਗੁਰੂ ਸਾਹਿਬ ਸੱਚੇ ਸਤਿਗੁਰੂ ਦੇ ਦੀਖਿਅਕ ਗੁਰਮੁਖ ਜਨ ਨੂੰ ਹੀ ਇਹ ਵਡਾਈ ਪ੍ਰਾਪਤ ਹੈ। ਜਿਸ ਦੇ ਸਿਰ ਉਪਰ ਸਦਾ ਸਦਾ ਸੱਚਾ ਸਤਿਗੁਰ ਨਾਨਕ ਦੇਵ ਹਰਦਮ ਹਾਜ਼ਰ ਨਾਜ਼ਰ ਹੈ ਉਸ ਨੂੰ ਕਿਸੇ ਵੀ ਗੱਲ ਦੀ ਥੁੜ ਨਹੀਂ ਰਹਿੰਦੀ। ਯਥਾ ਗੁਰਵਾਕ :–

ਸਿਰ ਊਪਰਿ ਠਾਢਾ ਗੁਰੁ ਸੂਰਾ ॥ ਨਾਨਕ ਤਾ ਕੇ ਕਾਰਜ ਪੂਰਾ ॥੭॥ (੨੨)

ਗਉੜੀ ਸੁਖਮਨੀ ਮ: ੫, ਪੰਨਾ ੨੯੩

ਇਸ ਬਿਧਿ ਸੱਚੇ ਸਤਿਗੁਰੂ ਨੂੰ ਜੋ ਰੰਗ ਰਤੜਾ ਗੁਰਮੁਖ ਜਨ ਹਰਦਮ ਹਿਰਦੇ ਵਿਚ ਵਸਾਈ ਰੱਖਦਾ ਹੈ, ਕੇਵਲ ਉਸੇ ਜਨ ਨੂੰ ਹੀ ਸੱਚੀ ਸੂਰਮਤਾਈ ਦੀ ਦਾਤਿ ਪ੍ਰਾਪਤ ਹੁੰਦੀ ਹੈ। ਗੁਰਮਤਿ ਅਨੁਸਾਰ ਸੱਚਾ ਸੂਰਮਾ ਸੋਈ ਕਹਾ ਸਕਦਾ ਹੈ ਜਿਸ ਨੂੰ ਸੱਚੇ ਸਤਿਗੁਰੂ ਦੀ ਨਿਕਟਤਾਈ ਵਾਲੀ ਸੱਚੀ ਦਾਤਿ ਪ੍ਰਾਪਤ ਹੋਵੇ। ਸੱਚੇ ਨਿਰਭੈ ਸੂਰਮੇ ਗੁਰੂ ਘਰ ਅੰਦਰ ਹੀ ਉਪਜੇ ਹਨ ਤੇ ਸਦਾ ਗੁਰੂ ਘਰ ਅੰਦਰ ਹੀ ਉਪਜਣਗੇ। ਤਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਦੀ ਜੁਗ ਜੁਗ ਵਡਿਆਈ ਅਤੇ ਨਿਕਟਤਾਈ ਪ੍ਰਾਪਤ ਹੁੰਦੀ ਰਹੇਗੀ। ਤਿਨ੍ਹਾਂ ਨੂੰ ਨਿਜ ਨਿਸ਼ਕਾਮ ਸੂਰਮਤਾ ਵਾਲੀ ਸੱਚੀ ਸਪਿਰਿਟ ਪ੍ਰਾਪਤ ਰਹੇਗੀ। ਉਹ ਸਦਾ ਹੀ ਜੰਗਾਂ ਜੁਧਾਂ ਵਿਚ ਨਿਰਭੈ ਅਤੇ ਬੇਪਰਵਾਹ ਹੋ ਕੇ ਆਤਮ-ਰੰਗਾਂ ਵਿਚ ਜੂਝਣਗੇ। ਸੱਚੀ ਸੂਰਮਤਾਈ, ਸੂਰਬੀਰਤਾ ਤਿਨ੍ਹਾਂ ਦੇ ਹੀ ਵਿਰਸੇ ਵਿਚ ਸਦੀਵ ਲਈ ਮਖ਼ਸੂਸ ਰਹੇਗੀ ਅਤੇ ਮਖ਼ਸੂਸ ਹੁੰਦੀ ਚਲੀ ਆਉਂਦੀ ਹੈ। ਸੱਚੇ ਸੂਰਮਿਆਂ ਵਾਲੀ ਸੱਚੀ ਸੂਰਮਗਤੀ ਕੇਵਲ ਤਿਨ੍ਹਾਂ ਨੂੰ ਹੀ ਪ੍ਰਾਪਤ ਹੋ ਸਕਦੀ ਹੈ ਜੋ ਆਤਮ-ਰੰਗਾਂ ਵਿਚ ਰੰਗੀਜ ਕੇ ਕੇਵਲ ਗੁਰੂ ਪਰਾਇਣ ਹੋ ਕੇ ਸਿਰਲੱਥ ਸਿਰ ਧੜ ਦੀ ਬਾਜ਼ੀ ਲਾਉਣਗੇ। ਆਤਮ-ਜੀਵਨ-ਰੰਗ ਦੇ ਚਲੂਲੇ ਰੰਗ ਕੇਵਲ ਸੱਚੀ ਗੁਰ-ਭਗਤੀ ਦੇ ਆਸਰੇ ਹੀ ਗੁਰਮੁਖ ਰੰਗ-ਰੱਤੜੀਆਂ-ਰੂੜ੍ਹੀਆਂ ਰੂਹਾਂ ਅੰਦਰ ਪਰਵੇਸ਼ ਹੋ ਸਕਦੇ ਹਨ ਅਤੇ ਤਿਨ੍ਹਾਂ ਨੂੰ ਹੀ ਸੱਚੀ ਸੂਰਮਤਾਈ ਵਾਲੇ ਸੁਭਾਗ ਪ੍ਰਾਪਤ ਹੁੰਦੇ ਹਨ।

ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥੧॥ (੧੧)

ਸਲੋਕ ਮ: ੩, ਵਾਰ ਸਿਰੀਰਾਗ, ਪੰਨਾ ੮੬

ਗੁਰਵਾਕ ਦੇ ਭਾਵ ਅਨੁਸਾਰ ਸੱਚਾ ਸੂਰਮਾ ਅਤੇ ਬਹਾਦਰ ਸੋਈ ਜਨ ਹੈ ਜਿਸ ਨੇ ਆਪਣੇ ਅੰਦਰੋਂ ਦੁਸ਼ਟ 'ਅਹੰਕਰਣ ਮਈ' ਹਉਮੈ ਦਾ ਬਿਨਾਸ ਅਤੇ ਬੀਜ ਨਾਸ਼ ਕੀਤਾ ਹੈ। ਇਸ ਹਉਮੈ ਦਾ ਬਿਨਾਸ ਗੁਰਮਤਿ ਨਾਮ ਅਭਿਆਸ ਦੀ ਅਥਾਹ ਕਮਾਈ ਦੁਆਰਾ ਹੀ ਹੋ ਸਕਦਾ ਹੈ। ਗੁਰਮਤਿ ਨਾਮ ਅਭਿਆਸ ਕਮਾਈ ਦੇ ਪ੍ਰਤਾਪ ਕਰਕੇ ਹੀ ਹਉਮੈ ਅੰਦਰ ਸੱਚੀ ਗਰੀਬੀ (ਨਿੰਮ੍ਰਤਾ) ਆਉਂਦੀ ਹੈ। ਜਿਸ ਦੇ ਅੰਦਰ ਇਹ ਨਿੰਮ੍ਰਤਾ ਨਹੀਂ ਆਈ ਅਤੇ ਜਿਸ ਦੇ ਅੰਦਰੋਂ ਹਉਮੈ ਦਾ ਬਿਨਾਸ਼ ਨਹੀਂ ਹੋਇਆ, ਉਸ ਦੇ ਅੰਦਰ ਸੱਚੀ ਸੂਰਮਤਾ ਕਦੇ ਆ ਹੀ ਨਹੀਂ ਸਕਦੀ। ਯਥਾ :–

ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖ ਪਾਵਹਿ ॥ ੯)

ਮਾਰੂ ਵਾਰ ਮ: ੩, ਪੰਨਾ ੧੦੮੯

ਬਲਕਿ ਸੱਚਾ ਸੂਰਮਾ ਉਹ ਹੈ ਜੈਸੇ ਕਿ ਅਗਲੇ ਗੁਰਵਾਕ ਦਾ ਭਾਵ ਹੈ–

---

* ਆਸਾ ਮ: ੩ ਪੱਟੀ ॥੧੩॥, ਪੰਨਾ ੪੫੩



www.AKJ.Org

ਸੂਰਬੀਰ ਧੀਰਜ ਮਤਿ ਪੂਰਾ ॥
ਸਹਜ ਸਮਾਧਿ ਧੁਨਿ ਗਹਿਰ ਗੰਭੀਰਾ...੩॥ (੪॥੧੫॥੨੬॥)

ਰਾਮਕਲੀ ਮ: ੫, ਪੰਨਾ ੮੯੮-੯੧

ਇਸ ਗੁਰਵਾਕ ਦੇ ਭਾਵ ਅਨੁਸਾਰ ਸੱਚੀ ਬੀਰਤਾ ਵਾਲਾ ਸੂਰਮਾ ਸੋਈ ਹੈ ਜਿਸ ਦੇ ਅੰਤਰ-ਆਤਮੇ ਸੱਚੀ ਧੀਰਜ ਰੂਪ ਸ਼ਾਂਤਮਈ ਆਉਂਦੀ ਹੈ। ਇਹ ਸੱਚੀ ਸ਼ਾਂਤਮਈ ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ ਆ ਸਕਦੀ ਹੈ। ਗੁਰਮਤਿ ਦੇ ਰੰਗਾਂ ਵਿਚ ਰੰਗੀਜ ਕੇ ਨਾਮ ਅਭਿਆਸੀ ਜਨ ਦੀ ਐਸੀ ਸਹਿਜ ਸਮਾਧੀ ਲਗਦੀ ਹੈ ਕਿ ਉਸ ਨੂੰ ਆਪਣੇ ਸਰੀਰਕ ਅੰਗਾਂ ਦੀ ਸੁਧ ਬੁਧ ਹੀ ਨਹੀਂ ਰਹਿੰਦੀ। ਉਹ ਗਹਿਰ ਗੰਭੀਰੇ ਰੰਗਾਂ ਵਿਚ ਲਿਵਲੀਨ ਹੋ ਜਾਂਦਾ ਹੈ। ਜਿਸ ਦੇ ਆਪੇ ਦਾ ਅਭਾਵ ਨਹੀਂ ਹੋਇਆ, ਉਸ ਨੇ ਹੋਰਤ ਜਗਤ ਨੂੰ ਕੀ ਪ੍ਰਬੋਧਨਾ ਸੋਧਣਾ ਹੈ। ਜਿਸ ਦੇ ਅੰਦਰੋਂ ਅਹੰਕਾਰ ਨਹੀਂ ਮਰਿਆ, ਉਸ ਨੇ ਦੂਜਿਆਂ ਨੂੰ ਕੀ ਮਾਰ ਸਕਣਾ ਹੈ। ਜਿਸ ਦਾ ਅੰਦਰਲਾ ਭਉ ਨਹੀਂ ਗਿਆ, ਉਹ ਪੁਰਸ਼ ਹੋਰਨਾਂ ਤੇ ਭਾਰੂ ਹੋ ਹੀ ਨਹੀਂ ਸਕਦਾ। ਅੰਦਰਲੇ ਭਉ ਗਏ ਬਿਨਾਂ ਨਿਰਭੈਤਾ (ਸੱਚੀ ਸੂਰਮਤਾ) ਆ ਵੀ ਨਹੀਂ ਸਕਦੀ। ਗੁਰਮਤਿ ਨਾਮ ਅਭਿਆਸ ਦੀ ਅਤੁਟ ਕਮਾਈ ਦੇ ਤੁਫ਼ੈਲ ਸੱਚੇ ਸਹਿਜ ਰੰਗਾਂ ਵਿਚ ਲੀਨ ਹੋ ਕੇ ਸੱਚੀ ਨਿਰਭੈਤਾ ਪ੍ਰਾਪਤ ਹੋਈ ਬਾਝੋਂ, ਸੱਚੀ ਸੂਰਮਤਾ ਕਿਥੇ ? ਸੱਚੇ ਸੂਰਮੇ ਉਹ ਹਨ ਜੋ ਆਪਾ ਖੋਇ ਕੇ, ਆਪਾ ਬਿਗੋਇ ਕੇ, ਇਸ ਲੋਕ ਅੰਦਰ ਅਤੇ ਪਰਲੋਕ ਅੰਦਰ ਸੱਚੜਾ ਮਾਣ ਪਾਉਂਦੇ ਹਨ। ਯਥਾ ਗੁਰਵਾਕ :—

ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥੩॥ (੪॥੨)

ਵਡਹੰਸੁ ਮ: ੧, ਪੰਨਾ ੫੮੦

ਸੱਚਾ ਸੂਰਮਾ ਉਹੀ ਹੈ ਜਿਸ ਨੇ ਪ੍ਰਿਥਮ ਆਪਣਾ ਆਪ ਮਿਟਾਇਆ ਹੈ ਤੇ ਆਪਣਾ ਆਪ ਮਿਟਾਇ ਕੇ ਹੀ ਸੱਚੀ ਦੀਨਤਾ (ਗਰੀਬੀ) ਆਉਂਦੀ ਹੈ। ਐਸੀ ਦੀਨਤਾ ਵਾਲਾ ਗੁਰਮੁਖ ਜਨ ਹੀ ਅੰਦਰੋਂ ਬਾਹਰੋਂ ਦੀਨ ਗਰੀਬ ਹੋਇ ਕੇ ਦੀਨਾਂ ਗਰੀਬਾਂ ਲਈ ਜੂਝ ਸਕਦਾ ਹੈ। ਯਥਾ ਗੁਰਵਾਕ :—

ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥

ਰਾਗ ਮਾਰੂ, ਸਲੋਕ ਕਬੀਰ, ਪੰਨਾ ੧੧੦੫

ਆਪਾ-ਪ੍ਰਸਤ ਆਦਮੀ, ਜਿਸ ਨੇ ਆਪਣੇ ਤਨ ਦੀ ਰਖਿਆ ਨੂੰ ਹੀ ਮੁਖ ਰਖਿਆ ਹੈ, ਉਹ ਐਵੇਂ ਹੀ ਡਰ ਡਰ ਮਰਦਾ ਹੈ ਅਤੇ ਇਸ ਮਰਨ ਤੋਂ ਬਚਣ ਲਈ ਬਿਰਥਾ ਹੀ ਆਪਣੇ ਆਪ ਨੂੰ ਲੁਕਾਉਂਦਾ ਫਿਰਦਾ ਹੈ, ਉਸ ਨੇ ਪਰਉਪਕਾਰ ਦੀ ਖ਼ਾਤਰ ਕੀ ਮਰਨਾ ਹੋਇਆ ? ਜਿਹੜਾ ਸੱਚਾ ਸੂਰਮਾ ਗੁਰਮੁਖ ਜਨ ਹੈ ਉਹ ਰਣ-ਤਤਿਆਂ ਵਿਚ ਵੀ ਨਹੀਂ ਡਰਦਾ। ਯਥਾ ਗੁਰਵਾਕ:—

ਸੂਰੁ ਕਿ ਸਨਮੁਖ ਰਨ ਤੇ ਡਰਪੈ ...॥੧॥(੨॥੨॥੧੭)

ਗਉੜੀ ਕਬੀਰ ਜੀ, ਪੰਨਾ ੩੩੮

ਉਹ ਸੂਰਮਾ ਕੀ ਆਖ, ਜੋ ਸਨਮੁਖ ਜੂਝਣੋਂ ਡਰੇ ਅਤੇ ਰਣ-ਤੱਤੇ ਵਿਚੋਂ ਭੱਜ ਨਿਕਲੇ। ਜਿਸ ਗੁਰਮੁਖ ਜਨ ਨੇ ਅਥਾਹ ਗੁਰਮਤਿ ਨਾਮ ਦੀ ਕਮਾਈ ਦੇ ਪ੍ਰਤਾਪ ਸੇਤੀ ਆਪਣਾ ਆਪ ਉੱਕਾ ਹੀ ਗਵਾਇਆ ਹੋਇਆ ਹੁੰਦਾ ਹੈ, ਉਹੀ ਰਣ ਤੱਤੇ ਵਿਚ ਪੂਰਾ ਉਤਰਦਾ ਹੈ। ਗੁਰਮਤਿ ਰੰਗਾਂ ਵਿਚ ਲੀਨ ਹੋ ਕੇ ਉਸ ਨੂੰ ਸੱਚੀ ਨਿਰਭੈਤਾ ਪ੍ਰਾਪਤ ਹੀ ਰਹਿੰਦੀ ਹੈ। ਉਸ ਨੂੰ—

ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ...੧॥(੫॥੧੮)

(ਸਿਰੀਰਾਗੁ ਮ: ੧, ਪੰਨਾ ੨੦



www.AKJ.Org

ਗੁਰਵਾਕ ਦੇ ਭਾਵ ਅਨੁਸਾਰ ਸਦਾ ਸਦਾ ਲਈ ਆਪਣਾ ਸੀਸ ਤਲੀ ਉਤੇ ਰੱਖੀ ਫਿਰਨ ਲਈ, ਗੁਰਦਵਾਰਿਓਂ ਸੱਚੜੀ ਸੂਝ ਬੂਝ ਅਤੇ ਉਤਸ਼ਾਹ ਮਈ ਤਕੀਆ-ਤਾਣ ਪ੍ਰਾਪਤ ਹੀ ਰਹਿੰਦਾ ਹੈ। ਪਰਉਪਕਾਰ ਦੀ ਖ਼ਾਤਰ ਉਸ ਨੂੰ ਮਰ ਮਿਟਣਾ ਖੱਬੇ ਹੱਥ ਦੀ ਖੇਡ ਹੀ ਦਿਸਦੀ ਰਹਿੰਦੀ ਹੈ। ਤਾਂ ਤੇ ਸਿਧ ਹੋ ਗਿਆ ਕਿ ਸੱਚੀ ਸੂਰਮਤਾ ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਗੁਰਮੁਖ ਜਨਾਂ ਨੂੰ ਹੀ ਪ੍ਰਾਪਤ ਹੁੰਦੀ ਹੈ। ਗੁਰੂ ਘਰ ਤੋਂ ਬਾਹਰ ਨਾ ਹੀ ਸੱਚੜੀ ਸ਼ਾਂਤਮਈ (ਧੀਰਜਤਾ), ਨਾ ਹੀ ਸੱਚੀ ਸੂਰਬੀਰਤਾ ਪ੍ਰਾਪਤ ਹੋ ਸਕਦੀ ਹੈ। ਸੱਚੇ ਵਾਹਿਗੁਰੂ ਦੇ ਰੰਗਾਂ ਵਿਚ ਰਤੇ ਬਿਨਾਂ ਸੱਚੀ ਸੂਰਮਤਾ ਆਉਂਦੀ ਹੀ ਨਹੀਂ। ਤਾਂ ਤੇ ਸੱਚੜਾ ਆਤਮ-ਚਲੂਲੀ-ਰੰਗ ਜਿਸ ਗੁਰਮੁਖ ਜਨ ਨੂੰ ਹਰਦਮ ਚੜ੍ਹਿਆ ਹੀ ਰਹਿੰਦਾ ਹੈ, ਉਹੀ ਜਨ ਚੜ੍ਹਦੀਆਂ ਕਲਾਂ ਵਾਲੀ ਸੱਚੜੀ ਸੂਰਬੀਰਤਾ ਦੇ ਰੰਗਾਂ ਵਿਚ ਰੱਤਿਆ ਮੱਤਿਆ ਜਾਣੋ। ਇਹ ਸੱਚੜਾ ਰੰਗ ਚੜ੍ਹਦੀਆਂ ਕਲਾਂ ਵਾਲਾ ਕੇਵਲ ਗੁਰੂ ਨਾਨਕ ਸਾਹਿਬ ਦੇ ਘਰ ਅੰਦਰ ਹੀ ਹੈ, ਏਦੂੰ ਬਾਹਰ ਹਰਗਿਜ਼ ਨਹੀਂ। ਸੱਚੀ ਸੂਰਮਤਾਈ ਭੀ ਇਨ੍ਹਾਂ ਹੀ ਸੱਚੜੇ ਗੁਰਮਤਿ ਰੰਗਾਂ ਤੋਂ ਚੜ੍ਹਦੀ ਕਲਾ ਵਿਖੇ ਆਉਂਦੀ ਹੈ। ਸੱਚੀ ਨਿੰਮ੍ਰਤਾ, ਸੱਚੜੀ ਸ਼ਾਂਤਮਈ ਗੁਰਮੁਖਾਂ ਦੇ ਹਿਰਦਿਆਂ ਵਿਚ ਹੀ ਵਸਦੀ ਹੈ, ਹੋਰ ਕਿਤੇ ਨਹੀਂ। ਅਤੇ ਇਨ੍ਹਾਂ ਆਪਾ ਅਭਾਵ ਹੋਏ ਸੱਚੇ ਨਿਮਰੀਭੂਤ-ਰਿਦ-ਸ਼ਾਂਤੀਆਂ ਨੂੰ ਹੀ ਗੁਰੂ ਦੁਆਰਿਓਂ ਸੱਚੜੀ ਸੂਰਮਤਾਈ ਦੀ ਦਾਤਿ ਮਿਲਦੀ ਹੈ। ਹਉਮੈ ਹੰਕਾਰ ਦੇ ਮਿਟੇ ਹਟੇ ਬਿਨਾਂ ਨਾ ਹੀ ਸੱਚੜੀ ਸ਼ਾਂਤਮਈ ਦੀ ਦਾਤਿ ਇਲਾਹੀ ਨਸੀਬ ਹੁੰਦੀ ਹੈ ਅਤੇ ਨਾ ਹੀ ਇਸ ਸੱਚੜੀ ਸੂਰਮਤਾਈ ਵਾਲਾ ਸੱਚਾ ਸੂਰਜ ਉਦੇ ਹੁੰਦਾ ਹੈ।

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥ (੧॥੯॥)

ਵਡਹੰਸੁ ਮ: ੩, ਪੰਨਾ ੫੬੦

ਗੁਰਵਾਕ ਦਾ ਭਾਵ ਇਹ ਹੈ ਕਿ ਕੇਵਲ ਨਾਮ ਦਵਾਰਾ ਹੀ ਹਉਮੈ ਹੰਕਾਰ ਬਿਨਸਦਾ ਹੈ। ਜਦ ਤਾਈਂ ਇਹ ਮਨ ਹਉਮੈ ਦੀਆਂ ਲਹਿਰਾਂ ਵਿਚ ਹੈ, ਤਦ ਤਾਈਂ ਇਸ ਦੀ ਘਾਲ ਕਮਾਈ, ਭਾਵ ਭਗਤੀ ਮਈ ਸੇਵਾ ਸਭ ਬਿਰਥੀ ਹੀ ਜਾਂਦੀ ਹੈ। ਯਥਾ ਗੁਰਵਾਕ—

ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥(੪॥੯)

ਵਡਹੰਸੁ ਮ: ੩, ਪੰਨਾ ੫੬੦

ਲੋਕੀਂ ਐਵੇਂ ਹੀ ਸ਼ਾਂਤਮਈ ਸ਼ਾਂਤਮਈ ਕੂਕਦੀ ਹੈ ਅਤੇ ਹਉਮੈ ਵਿਚ ਹੀ ਕੂਕਦੀ ਹੈ। ਸੱਚੜੀ ਸ਼ਾਂਤਮਈ ਨਾ ਕਿਸੇ ਨੂੰ ਪ੍ਰਾਪਤ ਹੋਈ ਹੈ ਨਾ ਹੋਣੀ ਹੈ। ਜਿਥੇ ਹੋਈ ਹੈ ਉਥੇ ਹਉਮੈ ਦਾ ਉਕਾ ਹੀ ਅਭਾਵ ਹੋ ਗਿਆ ਹੈ। ਉਥੇ ਕੇਵਲ ਸੱਚੜੀ ਸੂਰਮਤਾਈ ਵਾਲੀ ਗਤੀ ਕਲਿਆਣ ਮਈ ਹੈ। ਇਹ ਸਭ ਸਦਕਾ ਗੁਰਮਤਿ ਨਾਮ ਦੇ ਰੰਗਾਂ ਵਿਚ ਰੰਗੀਜਣ ਦਾ ਹੀ ਹੈ। ਉਹ ਸ਼ਖ਼ਸ ਉੱਕੇ ਹੀ ਕੂੜਾਵੇ ਹਨ ਜੋ ਇਸ ਸੱਚੜੀ ਲਿਵਲੀਨਤਾ ਬਿਨਾਂ ਹੀ ਸ਼ਾਂਤਮਈ ਅਤੇ ਸੂਰਮਤਾਈ ਲਭਦੇ ਹਨ। ਆਮ ਲੋਕੀ ਹਨ੍ਹੇਰੇ ਵਿਚ ਅੱਕੀਂ ਪਲਾਹੀਂ ਹੱਥ ਮਾਰਦੇ ਫਿਰਦੇ ਹਨ; ਉਨ੍ਹਾਂ ਨੂੰ ਲੱਭਦਾ ਲੁੱਭਦਾ ਕੁਝ ਵੀ ਨਹੀਂ। ਗੁਰੂ ਨਾਨਕ ਦੇਵ ਜੀ ਦੀ ਸ਼ਰਨੀ ਆਇਆਂ ਹੀ ਇਸ ਲੱਭਤਾ ਦਾ ਚਾਨਣ ਦਿਸਦਾ ਹੈ। ਤਾਂ ਤੇ ਜਿਸ ਜਨ ਨੂੰ ਸੱਚੀ ਸੂਰਮਤਾ ਦਰਕਾਰ ਹੈ, ਉਹ ਸਗਲ ਹਉਮੈ ਤਿਆਗ ਕੇ ਸੱਚੇ ਸਤਿਗੁਰੂ ਗੁਰੂ ਨਾਨਕ ਦੀ ਸ਼ਰਨੀ ਆਵੇ। ਇਸ ਸੱਚੜੇ ਦਰ ਘਰ ਤੋਂ ਗੁਰਮਤਿ ਨਾਮ ਮਈ ਦੀਖਸ਼ਾ ਦੀਆਂ ਸੱਚੀਆਂ ਮੁਰਾਦਾਂ ਪਾਵੇ, ਤਾਂ ਹੀ ਉਸ ਨੂੰ ਸੱਚੀ ਸੂਰਮਤਾ ਦੇ ਰੰਗ ਚੜ੍ਹ ਸਕਦੇ ਹਨ, ਐਵੇਂ ਨਹੀਂ।

"ਗੁਰਮਤਿ ਵਿਚਾਰ" ਪੁਸਤਕ ਵਿਚੋਂ



www.AKJ.Org

# ਦੁਧਾਰੇ ਖੰਡੇ ਵਾਲਾ ਖਾਲਸਈ ਨਵਖੰਡੀ ਝੰਡਾ

[ਗੁਰਪੁਰ ਵਾਸੀ ਭਾ. ਸਾ: ਭਾਈ ਰਣਧੀਰ ਸਿੰਘ ਜੀ]

ਸਾਹਿਬ ਕਮਾਲ ਨਿਰੰਕਾਰ ਗੁਰੂ ਸਾਹਿਬ ਨੇ, ਗੁਰੂ ਅਵਤਾਰੀ, ਧੁਰ ਅਰਸ਼ਾਰੀ, ਧੁਰ ਦਰਬਾਰੀ, ਗੁਰੂ ਸਾਹਿਬ ਨੇ ਧੁਰ-ਧੁਰੰਧਰੀ ਜੈ-ਬਿਜੈ-ਨਿਸ਼ਾਨੀ ਨਿਰੰਕਾਰੀ ਝੰਡਾ ਝੁਲਾਇਆ। ਖਾਲਸਾ ਪੰਥ ਦੀ ਅਬਚਲ ਨੀਂਹ ਕਾਇਮ ਦਾਇਮ ਰੱਖਣ ਲਈ ਨਾਮ ਖੜਗੇਸ਼ੀ ਤੇ ਬੀਰਤਾ ਮੁਕਤੇਸ਼ੀ ਦੋ ਧਾਰਾਂ ਵਾਲੇ ਖੰਡੇ ਦੇ ਨਾਲ ਚਕ੍ਰਵਰਤੀ ਰਾਜ ਦਾ ਠਹਿਰਾਨ ਠਹਿਰਾਇਆ, ਜਿਥੇ ਗੁਰੂ ਬਾਬੇ ਨਾਨਕ ਨੇ ਨਵਾਂ ਖੰਡਾਂ ਵਿਚ ਹਲੇਮੀ ਰਾਜ ਪੱਕਾ ਕਰਨ ਦਾ ਧੁਰਵਾ ਵੀ ਬੰਨ੍ਹਿਆ। ਇਸੇ ਕਰਕੇ ਹੀ ਖਾਲਸਈ ਅਕਾਲੀ ਝੰਡਾ ਨਵਖੰਡੀ ਫਹਿਰਕੇ ਵਾਲਾ ਝੰਡਾ ਹੈ। ਫਹਿਰਕੇ ਦੇ ਬਸੰਤੀ ਤੇ ਸੁਰਮਈ ਰੰਗ ਦੇ ਝੁਲਾਰੇ ਪ੍ਰਮਾਰਥੀ ਅਤੇ ਸੂਰਮਤਾਈ ਜੈ-ਬਿਜੈ ਦੇ ਸੰਬੋਧਨ ਹਨ। ਇਹ ਖਾਲਸਈ ਝੰਡਾ ਹੈ ਕਿ ਦੀਨ ਦੁਨੀ ਦੀ ਧੁਜਾ ਹੈ।

ਸ੍ਰੀ ਗੁਰੂ ਸਾਹਿਬ ਜੀ ਦਾ ਹੁਕਮ-ਨਿਸ਼ਾਨੀ ਹੋਣ ਕਰਕੇ ਇਸ ਝੰਡੇ ਦਾ ਨਾਮ 'ਨਿਸ਼ਾਨ ਸਾਹਿਬ' ਹੈ। ਸਾਹਿਬ ਗੁਰੂ ਅਕਾਲ ਦਾ ਜੋ ਨਿਸ਼ਾਨ, ਸੋ ਕਹੀਏ ਨਿਸ਼ਾਨ ਸਾਹਿਬ। ਇਸੇ ਨੇ ਹੀ ਜੁਗੋ ਜੁਗ ਅਟੱਲ ਰਹਿੰਣਾ ਹੈ, ਅਤੇ ਅਟੱਲਤਾ ਸਹਿਤ ਸਾਰੇ ਜਹਾਨ ਤੇ ਝੂਲਣਾ ਹੈ। ਇਹ ਸਾਰੇ ਜਹਾਨ ਦਾ ਸਾਂਝਾ ਜੈ-ਬਿਜਈ ਝੰਡਾ ਨਿਸ਼ਾਨ ਸਾਹਿਬ ਹੈ। ਸ੍ਰੀ ਅਕਾਲ ਤਖ਼ਤ ਤੇ ਸ੍ਰੀ ਸਚਖੰਡ ਹਰਿਮੰਦਰ ਸਾਹਿਬ ਦੇ ਵਿਚਕਾਰ ਤੇ ਸਨਮੁਖ "ਗਡ ਥੰਮ੍ਹ ਅਹਲੈ" ਹੋਣ ਕਰਕੇ ਇਹ ਖਾਲਸਾ ਜੀ ਦਾ ਮੀਰੀ ਤੇ ਪੀਰੀ ਦਾ ਤੇ "ਦੀਨ ਦੁਨੀਆ ਦੀ ਸਾਹਿਬੀ" ਦਾ ਸੱਚਾ ਪਾਤਸ਼ਾਹੀ ਨਿਸ਼ਾਨ ਸਾਹਿਬ ਹੈ। ਇਸ ਖਾਲਸਈ ਨਿਸ਼ਾਨ ਸਾਹਿਬ ਦੇ ਸਿਰਮੌਰੀ ਖੰਡੇ ਦੀਆਂ ਦੋਈ ਧਾਰਾਂ, ਦੋ ਜਹਾਨਾਂ ਦੇ ਸਰ ਕਰਨ ਲਈ ਚੜ੍ਹਦੀ ਕਲਾ ਦੀਆਂ ਲਖਾਇਕ ਹਨ।

ਇਸ ਨਿਸ਼ਾਨ ਸਾਹਿਬ ਦੇ ਸਾਇਆ ਤਲੇ (ਤਾਅਬੇ ਹੋ ਕੇ) ਘਟ-ਜੋਤਿ-ਜਗਾਰੀ ਤੇ ਜੂਝ-ਜੁਝਾਰੀ ਖਾਲਸਾ ਜੀ ਨੇ ਵਧਣਾ ਫੂਲਣਾ ਤੇ ਮੌਲਣਾ ਹੈ। ਖਾਲਸਾ ਜੀ ਦਾ ਜਾਹੋ-ਜਲਾਲ (ਤੇਜ ਪ੍ਰਤਾਪ) ਇਸੇ ਝੰਡੇ ਦੀ ਬਰਕਤ ਤੇ ਕਮਾਲ ਨਾਲ ਹੀ ਲਾਯਜ਼ਾਲ (ਸਦੈਵੀ) ਤੇ ਲਾਜ਼ਵਾਲ (ਅਸਥਿਰ) ਰਹਿਣਾ ਹੈ। ਕਦੇ ਜ਼ਵਾਲ ਆਉਣਾ ਹੀ ਨਹੀਂ। ਅਜਿਹੇ ਜ਼ੁਲ-ਜ਼ਲਾਲ ਅਕਾਲੀ ਝੰਡੇ ਦੇ ਤੁੱਲ ਮਾਨਵੀ ਕ੍ਰਿਤ ਦਾ ਹੋਰ ਕੋਈ ਝੰਡਾ ਨਹੀਂ ਹੋ ਸਕਦਾ। ਜਿਸ ਤਰ੍ਹਾਂ ਸਤਿਨਾਮ ਦੇ ਮੁਕਾਬਲੇ ਤੇ ਸਭ ਕਿਰਤਮ ਨਾਮ ਤੁੱਛ ਹਨ ਇਸੇ ਤਰ੍ਹਾਂ ਅਕਾਲੀ ਝੰਡੇ ਦੇ ਸਾਹਮਣੇ ਹੋਰ ਸਭ ਝੰਡੇ ਮਾਤ ਹਨ। ਖੰਡਾ ਕੀ ਹੈ, ਨਾਮ ਰੂਪ ਹੈ। "ਨਾਮ ਕੇ ਧਾਰੇ ਖੰਡ ਬ੍ਰਹਮੰਡ"* ਤੇ "ਖੰਡਾ ਪ੍ਰਿਥਮੈ ਸਾਜਿ ਕੈ ਜਿਸ ਸਭ ਸੈਸਾਰ ਉਪਾਇਆ"† ਦਾ ਭਾਵ ਇਕ ਹੀ ਹੈ।

ਇਹ ਨਿਸਚੇ ਕਰਕੇ ਜਾਣੋ ਕਿ ਅਕਾਲੀ ਝੰਡਾ ਸਭ ਤੋਂ ਸ੍ਰੇਸ਼ਟ ਤੇ ਦੀਨ ਦੁਨੀਆ ਦੀ ਧੁਜਾ ਹੈ। ਇਹ ਝੰਡਾ ਅਕਾਲੀ ਹੈ ਤੇ ਅਕਾਲ ਦੇ ਹੁਕਮ ਨਾਲ ਹੀ ਸਾਜਿਆ ਗਿਆ ਹੈ। ਬਾਕੀ ਸਭ ਝੰਡੇ ਮਨੁਖੀ ਕ੍ਰਿਤ ਦੇ ਹੋਣ ਕਰਕੇ ਤੁੱਛ ਹਨ।

ਪੁਸਤਕ 'ਗੁਰਮਤਿ ਲੇਖ' ਵਿਚੋਂ

* ਗਉੜੀ ਸੁਖਮਨੀ ਮ: ੫, ਅਸ਼: ੧੬, ਪਉੜੀ ੫, ਪੰਨਾ ੨੮੪। † ਚੰਡੀ ਦੀ ਵਾਰ, ਪਉੜੀ ੨।

---

## ਜ਼ਰੂਰੀ ਬੇਨਤੀਆਂ—

(੧) ਬਾਰ ਬਾਰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣਾ ਚਿੱਟ ਨੰਬਰ ਚਿੱਠੀ ਪੱਤਰ ਸਮੇਂ ਅਤੇ ਮਨੀਆਰਡਰ ਭੇਜਣ ਸਮੇਂ ਜ਼ਰੂਰ ਲਿਖੋ। ਹਰ ਮਹੀਨੇ ਤੁਹਾਡੇ ਪਰਚੇ ਉਤੇ ਤੁਹਾਡੇ ਸਰਨਾਵੇਂ ਤੋਂ ਪਹਿਲਾਂ ਅਸੀਂ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ।

(੨) ਹਰੇਕ ਪਾਠਕ ਦਾ 'ਸੂਰਾ' ਹਰ ਮਹੀਨੇ ਪਹਿਲੀ ਤਰੀਕ ਨੂੰ ਚੈਕ ਕਰ ਕੇ ਡਾਕੇ ਪਾਇਆ ਜਾਂਦਾ ਹੈ। ਕਈ ਪਰਚੇ ਰਾਹ ਵਿਚ ਗੁੰਮ ਕੀਤੇ ਜਾਂਦੇ ਹਨ। ਪਰਚਾ ਨਾ ਮਿਲੇ ਤਾਂ ਉਸੇ ਮਹੀਨੇ ਦੇ ਅੱਧ ਪਿੱਛੋਂ ਸਾਨੂੰ ਕਾਰਡ ਪਾਓ, ਅਸੀਂ ਦੁਬਾਰਾ ਭੇਜ ਦੇਵਾਂਗੇ।

(੩) ਚੰਦੇ ਖ਼ਤਮ ਹੋਣ ਦੀ ਮੋਹਰ ਜਿਸ ਪਰਚੇ ਤੇ ਮਿਲੇ, ਓਦੋਂ ਹੀ ਚੰਦਾ ਮਨੀਆਰਡਰ ਕਰ ਦੇਵੋ ਜੀ। ਗੁਰਮਤਿ ਦੇ ਪਰਚਾਰ ਲਈ 'ਸੂਰਾ' ਦੇ ਵੱਧ ਤੋਂ ਵੱਧ ਨਵੇਂ ਮੈਂਬਰ ਬਣਾਓ ਜੀ।

www.AKJ.Org

# ਪੂਰਬ ਜਨਮ ਕੇ ਮਿਲੇ ਸੰਜੋਗੀ (੯)

[ਪ੍ਰੋਫੈਸਰ ਠਾਕਰ ਸਿੰਘ ਜੀ, ਸ੍ਰੀ ਅੰਮ੍ਰਿਤਸਰ]

## *ਪਿੰਡੀ ਵਿਚ ਦੂਜੀ ਪਰਚਾਰ ਫੇਰੀ--*

ਰਾਵਲਪਿੰਡੀ ਦੀਆਂ ਸੰਗਤਾਂ ਦੀ ਪ੍ਰੇਮ-ਖਿਚ ਦਾ ਸਦਕਾ ਨਿਰਬਾਣ ਕੀਰਤਨੀ ਜਥਾ ਸ੍ਰੀ ਬਾਊ ਜੀ ਦੇ ਸੰਗ ਸਾਥ ਦੂਜੀ ਵਾਰ ੧੯੨੯ ਵਿਚ ਉਥੇ ਪੁਜਾ। ਪਿਛਲੇ ਸਾਲ ਦੇ ਕੀਤੇ ਫੈਸਲੇ ਮੁਤਾਬਕ ਐਤਕੀ ਅਖੰਡਪਾਠ ਸਮਾਗਮ ਤੇ ਅੰਮ੍ਰਿਤ-ਸਿੰਚਾਰ ਮਾਈ ਕੁੰਜੀ ਦੇ ਘਰ ਵਿਚ ਰਖਿਆ ਗਿਆ ਤਾਂ ਜੁ ਮਾਈ ਕੁੰਜੀ ਦੀ ਰੰਗ ਰਤੜੀ ਦਸ਼ਾ ਵਿਚ, ਨਾਮ-ਸਿਮਰਨ ਨਾਲ ਪਵਿੱਤਰ ਹੋਏ ਮਾਹੌਲ ਵਿਚ ਅਗੰਮੀ ਕਲਾ ਹੋਰ ਵੀ ਵਧੇਰੇ ਰੰਗ ਲਿਆਵੇ ਅਤੇ ਅੰਮ੍ਰਿਤ ਅਭਿਲਾਖੀਆਂ 'ਤੇ ਨਾਮ ਦੇ ਰੰਗ ਵਧੇਰੇ ਗਹਿ-ਗਡਵੇਂ ਰੰਗਾਂ ਵਿਚ ਚੜ੍ਹਨ।

ਇਸ ਸਮਾਗਮ ਵਿਚ ਅੰਮ੍ਰਿਤ-ਅਭਿਲਾਖੀਆਂ ਨੇ ਵਧ ਤੋਂ ਵਧ ਹਾਜ਼ਰੀਆਂ ਭਰੀਆਂ ਤੇ ਪਾਠ ਸ੍ਰਵਣ ਕੀਤਾ। ਅੰਮ੍ਰਿਤ-ਸਿੰਚਾਰ ਸਮਾਗਮ ਅਰੰਭ ਹੋਇਆ ਤਾਂ ਰੰਗ-ਰਤੜੀ ਮਾਈ ਕੁੰਜੀ ਨੂੰ ਵੀ ਲਾਗੇ ਹੀ ਬਿਠਾ ਲਿਆ ਗਿਆ। ਇਹ ਮਾਈ ਨਾਮ ਦੇ ਬੜੇ ਚਲੂਲੇ ਰੰਗਾਂ ਵਿਚ ਵਿਚਰ ਰਹੀ ਸੀ। ਬਸ ਜੋ ਜੋ ਪ੍ਰਾਣੀ ਵੀ ਅੰਮ੍ਰਿਤ ਛਕੇ, ਛਕਦੇ ਸਾਰ ਹੀ ਨਾਮ ਦੇ ਅਗੰਮੀ ਰੰਗਾਂ ਵਿਚ ਗੜੂੰਦ ਹੁੰਦਾ ਜਾਵੇ। ਪਿੰਡੀ ਦੀਆਂ ਕਈ ਉਘੀਆਂ ਤੇ ਨਾਮਵਰ ਹਸਤੀਆਂ ਇਸ ਅੰਮ੍ਰਿਤ-ਸਮਾਗਮ ਵਿਚ ਅੰਮ੍ਰਿਤ ਛਕ ਕੇ ਤਿਆਰ ਹੋਈਆਂ। ਇਸੇ ਸਮਾਗਮ ਵਿਚ ਬੀਬੀ ਇੰਦਰ ਕੌਰ ਜੀ* ਅਤੇ ਉਨ੍ਹਾਂ ਦੇ ਪਤੀ ਡਾ: ਪ੍ਰਗਟ ਸਿੰਘ ਜੀ ਨੂੰ ਵੀ ਅੰਮ੍ਰਿਤ ਦੀ ਦਾਤਿ ਪ੍ਰਾਪਤ ਹੋਈ। ਇਸ ਸਮਾਗਮ ਦੀ ਅਲੌਕਿਕ ਕਲਾ ਵਾਲੀ ਆਪਣੀ ਹੱਡ-ਬੀਤੀ ਵਾਰਤਾ ਬੀਬੀ ਇੰਦਰ ਕੌਰ ਜੀ ਦੀ ਜ਼ਬਾਨੀ ਹੇਠਾਂ ਦਿਤੀ ਜਾਂਦੀ ਹੈ :-

## ਅੰਮ੍ਰਿਤ ਦੀ ਦਾਤਿ ਤੇ ਕਰੜੀ ਪ੍ਰੀਖਿਆ—

ਮੇਰੇ ਅੰਮ੍ਰਿਤ ਛਕਣ ਦੀ ਵਾਰਤਾ ਬੜੀ ਅਸਚਰਜ ਹੈ। ਮੇਰੇ ਮਾਮਾ ਜੀ ਦੀ ਲੜਕੀ ਬੀਬੀ ਸੁਰਿੰਦਰ ਕੌਰ ਨੇ ਨਿਰਬਾਣ ਕੀਰਤਨੀ ਜਥੇ ਪਾਸੋਂ ਅੰਮ੍ਰਿਤ ਛਕਿਆ ਤਾਂ ਉਸ ਦੇ ਜੀਵਨ ਵਿਚ ਭਾਰੀ ਤਬਦੀਲੀ ਵਾਪਰ ਗਈ। ਉਹ ਮੈਨੂੰ ਜਦੋਂ ਵੀ ਮਿਲਦੀ, ਨਾਮ ਬਾਣੀ ਦੀਆਂ ਗੱਲਾਂ ਕਰਦੀ ਅਤੇ ਅੰਮ੍ਰਿਤ ਛਕਣ ਸਮੇਂ ਦੇ ਅਸ-ਚਰਜ ਵਾਯੂ-ਮੰਡਲ ਬਾਰੇ ਦਸਦੀ। ਜਦੋਂ ਮੈਂ ਉਸ ਨੂੰ ਹੋਰ ਚੰਗੀ ਤਰ੍ਹਾਂ ਖੋਲ੍ਹ ਕੇ ਦਸਣ ਲਈ ਬੇਨਤੀ ਕਰਦੀ ਤਾਂ ਉਹ ਅੱਖਾਂ ਮੀਟ ਕੇ ਚੁਪ ਹੋ ਜਾਂਦੀ। ਬਸ ਇਤਨਾ ਹੀ ਕਹਿੰਦੀ—

> ਕਹਿਬੇ ਕੋ ਸੋਭਾ ਨਹੀ ਦੇਖਾ ਹੀ ਪਰਵਾਨੁ ॥੨੨੧॥ (੧੩੭੦)
> ਕਹੁ ਕਬੀਰ ਗੂੰਗੇ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥ (੩੩੪)

ਇਹ ਸੁਣ ਕੇ ਮੇਰੇ ਮਨ ਵਿਚ ਵੀ ਅੰਮ੍ਰਿਤ ਛਕਣ ਦੀ ਚਾਹ ਪ੍ਰਬਲ ਹੋ ਉਠਦੀ। ਮੇਰੇ ਪਤੀ ਡਾਕਟਰ ਪ੍ਰਗਟ ਸਿੰਘ ਜੀ ਨੇ ਸ਼ਾਦੀ ਤੋਂ ਪਹਿਲਾਂ ਹੀ ਅੰਮ੍ਰਿਤ ਛਕਿਆ ਹੋਇਆ ਸੀ ਅਤੇ ਮੈਨੂੰ ਅੰਮ੍ਰਿਤ ਛਕਾਉਣ ਦਾ ਇਕਰਾਰ ਵੀ ਕੀਤਾ ਹੋਇਆ ਸੀ। ਮੈਂ ਜਦ ਵੀ ਉਹਨਾਂ ਨੂੰ ਆਪਣਾ ਕੀਤਾ ਇਕਰਾਰ ਚੇਤੇ ਕਰਾਉਂਦੀ ਤਾਂ ਉਹ ਇਕੋ ਉਤਰ ਦੇਂਦੇ, "ਕੋਈ ਉਚੇ ਜੀਵਨ ਵਾਲੇ ਗੁਰਸਿਖ ਮਿਲਣਗੇ ਤਾਂ ਅੰਮ੍ਰਿਤ ਛਕਾ ਦਿਆਂਗਾ।" ਆਪਣੀ ਭੈਣ ਤੋਂ ਇਸ ਜਥੇ ਦੀ ਸੋਭਾ ਸੁਣ ਕੇ ਮੈਨੂੰ ਬੜੀ ਤਸੱਲੀ ਮਿਲੀ ਕਿ ਇਹ ਤਾਂ ਨਾਮ ਜੱਪਣ ਵਾਲੇ ਕਿਰਤੀ ਸਿੰਘਾਂ ਦਾ ਜਥਾ ਹੈ, ਮੇਰੇ ਪਤੀ ਜੀ ਨੂੰ ਇਨ੍ਹਾਂ ਤੋਂ ਅੰਮ੍ਰਿਤ ਛਕਾਉਣ ਵਿਚ ਪ੍ਰਸੰਨਤਾ ਹੋਵੇਗੀ।

ਮੇਰੇ ਪਤੀ ਜੀ ਪਿਛਲੇ ਸਾਲ ਜਦੋਂ ਸਾਂਵਲੀ ਸਮਾਗਮ ਪਿਛੋਂ ਬਾਊ ਜੀ ਨੂੰ ਮਿਲੇ ਸਨ ਤਾਂ ਜੋ ਅਨੰਦ ਉਨ੍ਹਾਂ ਦੇ ਦਰਸ-ਮਿਲਾਪ ਸਮੇਂ ਪ੍ਰਾਪਤ ਹੋਇਆ ਸੀ, ਉਸ ਨੇ ਉਨ੍ਹਾ ਨੂੰ ਮੋਹਿਤ ਕਰ ਲਿਆ ਸੀ ਅਤੇ ਉਨ੍ਹਾਂ ਮਨ

* ਆਪ ਜੀ ਅੱਜ ਕਲ੍ਹ ਰਜਨੀ ਕਾਲਜ ਪੱਟੀ ਦੇ ਪ੍ਰਿੰਸੀਪਲ ਲਗੇ ਹੋਏ ਹਨ।



www.AKJ.Org

ਹੀ ਮਨ ਵਿਚ ਫ਼ੈਸਲਾ ਕਰ ਲਿਆ ਸੀ ਕਿ ਇਸ ਜਥੇ ਪਾਸੋਂ ਹੀ ਆਪਣੀ ਸੁਪਤਨੀ ਨੂੰ ਅੰਮ੍ਰਿਤ ਛਕਾਉਣਾ ਹੈ। ਪਰ ਇਥੇ ਇਕ ਹੋਰ ਇਹ ਅੜਿੱਚਣ ਆ ਪਈ ਕਿ ਮੇਰੇ ਪਤੀ ਜੀ ਆਪ ਦੂਜੀ ਵਾਰ ਅੰਮ੍ਰਿਤ ਛਕਣ ਨੂੰ ਤਿਆਰ ਨਹੀਂ ਸਨ। ਤੇ ਇਹ ਜਥਾ ਦੰਪਤੀ ਨੂੰ ਇਕੱਠਿਆਂ ਅੰਮ੍ਰਿਤ ਛਕਾਉਂਦਾ ਸੀ। ਮੇਰੇ ਮਨ ਦੀ ਇੱਛਾ ਦੀ ਪੂਰਤੀ ਕਿਵੇਂ ਹੋਵੇ, ਇਸ ਦਾ ਉਤਰ ਮੇਰੇ ਪਾਸ ਕੋਈ ਨਹੀਂ ਸੀ।

ਇਕ ਦਿਨ ਸ਼ਾਮ ਨੂੰ ਅਸੀਂ ਮਾਮੀ ਜੀ ਦੇ ਘਰ ਗਏ। ਏਸ ਜਥੇ ਦਾ ਪ੍ਰਸ਼ਾਦਾ ਉਨ੍ਹਾਂ ਦੇ ਘਰ ਸੀ। ਸਭ ਪ੍ਰਸ਼ਾਦਾ ਛਕ ਰਹੇ ਸਨ। ਮੈਂ ਆਪਣੀ ਭੈਣ ਨੂੰ ਇਕ ਪਾਸੇ ਲਿਜਾ ਕੇ ਕਿਹਾ, "ਕੀ ਇਹ ਮੈਨੂੰ ਵੀ ਅੰਮ੍ਰਿਤ ਛਕਾ ਦੇਣਗੇ ?" ਉਸ ਨੇ ਕਿਹਾ, "ਕਿਉਂ ਨਹੀਂ ? ਮੈਂ ਹੁਣੇ ਪੁਛ ਦਿੰਦੀ ਹਾਂ।" ਨਾਲ ਹੀ ਮੈਨੂੰ ਕਿਹਾ ਕਿ ਇਹ ਗਹਿਣੇ ਉਤਾਰਨੇ ਪੈਣਗੇ। ਮੈਂ ਰਤਾ ਸੋਚ ਕੇ ਕਿਹਾ, "ਕੋਈ ਗੱਲ ਨਹੀਂ, ਮੈਂ ਉਤਾਰ ਦਿਆਂਗੀ।"

ਉਹ ਮੈਨੂੰ ਜਥੇਦਾਰ ਬਾਊ ਮੱਲ ਸਿੰਘ ਜੀ ਪਾਸ ਲੈ ਗਈ। ਅਤੇ ਉਨ੍ਹਾਂ ਨੂੰ ਕਿਹਾ, "ਜੀ, ਇਹ ਮੇਰੀ ਭੈਣ ਡਾਕਟਰ ਸਾਹਿਬ ਦੀ ਪਤਨੀ ਹੈ, ਇਹ ਆਪ ਜੀ ਦੇ ਜਥੇ ਪਾਸੋਂ ਅੰਮ੍ਰਿਤ ਪਾਨ ਕਰਨਾ ਚਾਹੁੰਦੀ ਹੈ।"

ਜਥੇਦਾਰ ਜੀ ਨੇ ਮੇਰੇ ਵਲ ਵੇਖਿਆ, ਪਰ ਕੁਝ ਨਾ ਬੋਲੇ। ਮੇਰਾ ਮਨ ਬੁਝ ਗਿਆ ਤੇ ਉਦਾਸ ਹੋ ਗਿਆ ਕਿ ਮੇਰੇ ਭਾਗਾਂ ਵਿਚ ਅੰਮ੍ਰਿਤ ਹੈ ਈ ਨਹੀਂ। ਇਨ੍ਹਾਂ ਵਰਗੇ ਨਾਮ-ਰਸੀਏ ਮੁੜ ਮਿਲਣੇ ਨਹੀਂ ਤੇ ਮੈਨੂੰ ਅੰਮ੍ਰਿਤ ਨਸੀਬ ਹੋਣਾ ਨਹੀਂ।

ਪ੍ਰਸ਼ਾਦ ਛਕ ਕੇ ਜਥੇਦਾਰ ਸਾਹਿਬ ਸਣੇ ਜਥੇ ਦੇ ਆਪਣੇ ਨਿਵਾਸ-ਅਸਥਾਨ ਵਲ ਚਲ ਪਏ। ਅਸੀਂ ਵੀ ਨਾਲ ਤੁਰ ਪਏ। ਉਹ ਮੇਰੇ ਪਤੀ ਜੀ ਨਾਲ ਬਚਨ ਕਰਦੇ ਰਹੇ ਤੇ ਮੈਂ ਚੁਪ ਚਾਪ ਪਿਛੇ ਪਿਛੇ ਤੁਰਦੀ ਗਈ। ਮੇਰਾ ਮਨ ਕਹੇ, ਮੇਰੀ ਭੈਣ ਦੇ ਕਹਿਣ ਤੇ ਇਹ ਬੋਲੇ ਕਿਉਂ ਨਹੀਂ, ਮੈਨੂੰ ਯੋਗ ਪਾਤਰ ਨਹੀਂ ਸਮਝਦੇ ਹੋਣੇ। ਮੈਨੂੰ ਆਪਣਾ ਆਪ ਬਹੁਤ ਛੋਟਾ ਦਿਸੇ ਤੇ ਉਹ ਬਹੁਤ ਵਡੇ ਲਗਣ। ਏਨੇ ਵਿਚ ਨਿਵਾਸ-ਅਸਥਾਨ ਆ ਗਿਆ। ਉਨ੍ਹਾਂ ਨੇ ਸਾਡੇ ਵਲ ਵੇਖ ਕੇ ਫਤਹ ਗਜਾਈ।

ਪਤਾ ਨਹੀਂ ਕਿਹੜੀ ਸ਼ਕਤੀ ਨੇ ਮੇਰੀ ਚੁੱਪ ਨੂੰ ਤੋੜ ਦਿਤਾ ਅਤੇ ਹਿਰਦਾ ਚੀਰ ਕੇ ਮੇਰੇ ਅੰਦਰੋਂ ਆਵਾਜ਼ ਆਈ, "ਜੀ, ਇਨ੍ਹਾਂ ਨੂੰ (ਮੇਰੇ ਪਤੀ ਜੀ ਨੂੰ) ਅੰਮ੍ਰਿਤ ਛਕਾਓ, ਤਾਂਕਿ ਮੈਨੂੰ ਵੀ ਅੰਮ੍ਰਿਤ ਦੀ ਦਾਤਿ ਮਿਲ ਸਕੇ।" ਉਹਨਾਂ ਨੇ ਭਾਵ-ਪੂਰਤ ਤੇ ਬਖਸ਼ਸ਼-ਭਰੀਆਂ ਨਜ਼ਰਾਂ ਨਾਲ ਮੇਰੇ ਵਲ ਵੇਖਿਆ ਤੇ ਕਿਹਾ ਕਿ ਬੀਬੀ, ਗਲ ਵਿਚ ਪਲਾ ਪਾ ਕੇ ਡਾਕਟਰ ਸਾਹਿਬ ਨੂੰ ਅੰਮ੍ਰਿਤ ਛਕਣ ਲਈ ਮਨਾਵਾਂਗੇ ਤੇ ਤੈਨੂੰ ਵੀ ਅੰਮ੍ਰਿਤ ਦੀ ਦਾਤਿ ਪ੍ਰਾਪਤ ਹੋਵੇਗੀ।

ਜਥੇਦਾਰ ਜੀ ਦੇ ਇਹ ਬਚਨ ਮੈਨੂੰ ਬੜੇ ਪਿਆਰੇ ਲਗੇ, ਪਰ ਆਪਣੇ ਪਤੀ ਜੀ ਦੇ ਹੱਠੀ ਸੁਭਾਅ ਕਾਰਨ ਮੈਨੂੰ ਪੂਰਾ ਯਕੀਨ ਨਾ ਆਇਆ ਕਿ ਮੈਨੂੰ ਅੰਮ੍ਰਿਤ ਦੀ ਦਾਤਿ ਮਿਲ ਸਕੇਗੀ।

ਦੂਜੇ ਦਿਨ ਸਵੇਰੇ ਮੈਂ ਕਿਸੇ ਦੇ ਘਰ ਸਮਾਗਮ ਤੇ ਗਈ ਹੋਈ ਸਾਂ। ਉਥੇ ਹੀ ਮੈਨੂੰ ਸੁਨੇਹਾ ਮਿਲਿਆ ਕਿ ਤੁਹਾਨੂੰ ਘਰ ਬੁਲਾਇਆ ਹੈ। ਮੈਂ ਘਬਰਾਈ ਹੋਈ ਘਰ ਪੁਜੀ। ਅਗੇ ਮੇਰੇ ਪਤੀ ਜੀ ਖੜੇ ਉਡੀਕ ਰਹੇ ਸਨ। ਕਹਿਣ ਲਗੇ, "ਛੇਤੀ ਕਰੋ, ਇਸ਼ਨਾਨ ਕਰ ਕੇ ਪੰਜ ਕਕਾਰ ਪਹਿਨੋ, ਅਸੀਂ ਅੰਮ੍ਰਿਤ ਛਕਣਾ ਹੈ।" ਖੁਸ਼ੀ ਤੇ ਹੈਰਾਨੀ ਵਿਚ ਮੈਂ ਕੋਈ ਉਤਰ ਨਾ ਦੇ ਸਕੀ। ਮੇਰੇ ਚੌਗਿਰਦੇ ਇਕ ਚਾਨਣ ਜਿਹਾ ਪਸਰ ਗਿਆ। ਛੇਤੀ ਨਾਲ ਜ਼ੇਵਰ ਉਤਾਰੇ, ਇਸ਼ਨਾਨ ਕੀਤਾ ਅਤੇ ਪੰਜ ਕਕਾਰ ਸਜਾ ਕੇ ਤਿਆਰ ਹੋ ਗਈ। ਆਪਣੀ ਕੁਛੜਲੀ ਬੱਚੀ ਨੂੰ ਵੀ ਤਿਆਰ ਕਰ ਲਿਆ।

ਅਸੀਂ ਅੰਮ੍ਰਿਤ ਛਕਣ ਵਾਲੇ ਅਸਥਾਨ ਮਾਈ ਕੁੰਜੀ ਦੇ ਗ੍ਰਹਿ ਵਿਖੇ ਪੁਜ ਗਏ। ਮੈਨੂੰ ਆਪਣੀ ਚੰਗੀ ਤਕਦੀਰ ਤੇ ਯਕੀਨ ਨਹੀਂ ਸੀ ਆ ਰਿਹਾ, ਪਰ ਇਹ ਸਭ ਕੁਝ ਸੱਚ ਸੀ। ਮੈਨੂੰ ਪੰਜਾਂ ਪਿਆਰਿਆਂ ਦੀ ਹਜ਼ੂਰੀ ਵਿਚ ਬੁਲਾਇਆ ਗਿਆ। ਜਥੇਦਾਰ ਬਾਊ ਮੱਲ ਸਿੰਘ ਜੀ ਨੰਗੀ ਸਿਰੀ ਸਾਹਿਬ ਫੜ ਕੇ ਖੜੇ ਸਨ। ਉਨ੍ਹਾਂ ਨੇ ਬੜੇ ਬੀਰ ਰਸੀ ਜਾਹੋ-ਜਲਾਲ ਵਿਚ ਪੁਛਿਆ, "ਏਥੇ ਕਿਉਂ ਆਏ ਹੋ ?" ਮੈਨੂੰ ਤਾਂ ਸੁਧ ਬੁਧ ਵਿਸਰ ਗਈ ਸੀ।



www.AKJ.Org

ਮੈਂ ਲੜਖੜਾਂਦੀ ਅਵਾਜ਼ ਵਿਚ ਕਿਹਾ, "ਜੀ, ਅੰਮ੍ਰਿਤ ਛਕਣ ਲਈ।" ਫਿਰ ਅਵਾਜ਼ ਗੂੰਜੀ, "ਸਿਰ ਭੇਟ ਕਰਨਾ ਪਵੇਗਾ।" ਪਰ ਮੈਂ ਬੇਸੁਧ ਹੁੰਦੀ ਜਾਵਾਂ। ਮੈਂ ਵੈਰਾਗ ਦੇ ਹੜ੍ਹ ਵਿਚ ਰੁੜ੍ਹ ਗਈ। ਤੇ ਸ਼ਾਇਦ ਉਨ੍ਹਾਂ ਨੇ ਇਸੇ ਲਈ ਮੈਨੂੰ ਬਾਹਰ ਘਲ ਦਿਤਾ। ਹਰੇਕ ਪ੍ਰਾਣੀ ਦੀ ਪੁਛ-ਪ੍ਰਤੀਤ ਹੋ ਕੇ, ਫਿਰ ਸਾਰਿਆਂ ਨੂੰ ਅੰਦਰ ਬੁਲਾ ਲਿਆ ਗਿਆ।

ਸਤਿਗੁਰਾਂ ਦੇ ਪ੍ਰਕਾਸ਼ ਦੇ ਇਕ ਪਾਸੇ ਸਾਰੇ ਸਿੰਘ ਕਤਾਰ ਵਿਚ ਬੈਠੇ ਸਨ ਤੇ ਦੂਜੇ ਪਾਸੇ ਦੀ ਕਤਾਰ ਵਿਚ ਬੀਬੀਆਂ। ਬੀਬੀਆਂ ਵਾਲੇ ਪਾਸੇ ਮੈਂ ਸਿਰੇ ਤੇ ਬੈਠੀ ਹੋਈ ਸਾਂ। ਅੰਮ੍ਰਿਤ-ਬਾਟਾ ਤਿਆਰ ਹੋਇਆ ਤਾਂ ਪੰਜਾਂ ਦੇ ਜਥੇਦਾਰ ਮਾਨਯੋਗ ਬਾਊ ਜੀ ਨੇ ਦੋਹੀਂ ਪਾਸੀਂ ਇਕ ਮਿਠੀ ਜਿਹੀ ਨਜ਼ਰ ਦੌੜਾਈ। ਸਭ ਤੋਂ ਪਹਿਲਾਂ ਮੈਨੂੰ ਅਵਾਜ਼ ਪਈ। ਮੈਨੂੰ ਬੀਰ-ਆਸਣ ਕਰ ਕੇ ਬਿਠਾਇਆ ਗਿਆ। ਮੇਰੇ ਹੱਥ ਵਿਚ ਅੰਮ੍ਰਿਤ ਦੀ ਦਾਤਿ ਪਾਈ ਗਈ। ਉਹ ਜਦੋਂ ਮੇਰੇ ਮੂੰਹ ਵਿਚ ਪਈ ਤਾਂ ਮੇਰੀ ਹੋਸ਼ ਗੁੰਮ ਹੋ ਗਈ। ਉਥੇ ਕੋਈ ਹੋਰ ਮੰਡਲ ਬਣ ਗਿਆ। ਪੰਜਾਂ ਪਿਆਰਿਆਂ ਵਿਚ ਮੈਨੂੰ ਕਲਗੀਧਰ ਵਰਤਦਾ ਭਾਸਿਆ। ਮੈਨੂੰ ਅੰਮ੍ਰਿਤ ਦੇ ਸਾਰੇ ਚੁਲੇ ਛਕਣੇ ਵੀ ਯਾਦ ਨਹੀਂ, ਨਾ ਹੀ ਨਾਮ ਦ੍ਰਿੜ੍ਹਾਣਾ ਯਾਦ ਹੈ। ਬਸ ਮੈਨੂੰ ਆਪਣੀ ਥਾਂ ਉਸੇ ਮਸਤੀ ਦੀ ਹਾਲਤ ਵਿਚ ਭੇਜ ਦਿਤਾ ਗਿਆ। ਉਥੇ ਹੀ ਮੈਨੂੰ ਬਾਊ ਮੱਲ ਸਿੰਘ ਜੀ ਦਾ, ਪਿਤਾ ਤੇ ਪ੍ਰਤਿਪਾਲਕ ਰੂਪ ਦਿਸਿਆ। ਉਨ੍ਹਾਂ ਦੇ ਨਾਲ ਜਨਮ ਜਨਮ ਦੀ ਸਾਂਝ ਦੀ ਸਮਝ ਪਈ। ਮੇਰੇ ਮਨ ਵਿਚ ਉਨ੍ਹਾਂ ਲਈ ਬੜੀ ਪ੍ਰਬਲ ਸ਼ਰਧਾ ਜਾਗ ਪਈ ਤੇ ਡੂੰਘੇ ਸਤਿਕਾਰ ਨਾਲ ਮਨ ਭਰ ਗਿਆ। ਮਸਤੀ ਦੀ ਦਸ਼ਾ ਵਿਚ ਹੀ ਅਸੀਂ ਘਰ ਪੁਜੇ। ਸਾਰੀ ਰਾਤ ਮੈਂ ਸੌਂ ਨਹੀਂ ਸਕੀ। ਅੰਮ੍ਰਿਤ ਵੇਲੇ ਨਿਤਨੇਮ ਸ਼ੁਰੂ ਕੀਤਾ ਤਾਂ ਸ੍ਰੀ ਅਨੰਦ ਸਾਹਿਬ ਦੀ ਇਸ ਤੁਕ ਤੇ ਮਨ ਰੁਕ ਗਿਆ–

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੋ ਅੰਮ੍ਰਿਤੁ ਗੁਰ ਤੇ ਪਾਇਆ ॥ (੯੧੮)

ਬਸ, ਇਹ ਤੁਕ ਬਾਰ ਬਾਰ ਪੜ੍ਹਦੀ ਗਈ ਤੇ ਵੈਰਾਗ ਦੇ ਹੰਝੂ ਕੇਰਦੀ ਰਹੀ।

ਮੇਰੇ ਪਤੀ ਜੀ ਨੇ ਵੀ ਅੰਮ੍ਰਿਤ ਦੀ ਦਾਤ ਦੇ ਚਲੂਲੇ ਰੰਗ ਮਾਣੇ। ਅਗੇ ਉਹ ਬਾਊ ਜੀ ਨੂੰ ਘਰ ਪ੍ਰਸ਼ਾਦ ਛਕਣ ਲਈ ਕਹਿੰਦੇ ਸਨ ਤਾਂ ਉਤਰ ਹੁੰਦਾ ਸੀ ਕਿ ਤੇਰੇ ਘਰ ਪ੍ਰਸ਼ਾਦ ਨਹੀਂ ਛਕ ਸਕਦੇ, ਕਿਉਂਕਿ ਤੇਰੀ ਪਤਨੀ ਨੇ ਅੰਮ੍ਰਿਤ ਨਹੀਂ ਛਕਿਆ ਹੋਇਆ। ਪਰ ਹੁਣ ਇਸ ਅੰਮ੍ਰਿਤ-ਪ੍ਰਾਪਤੀ ਪਿਛੋਂ ਉਨ੍ਹਾਂ ਬਾਊ ਜੀ ਨੂੰ ਬੇਨਤੀ ਕਰ ਕੇ ਸਵੇਰ ਦਾ ਅਤੇ ਫਿਰ ਸ਼ਾਮ ਦਾ ਪ੍ਰਸ਼ਾਦਾ ਛਕਣ ਲਈ ਮਨਾਇਆ ਅਤੇ ਇਹ ਵੀ ਆਗਿਆ ਮਿਲ ਗਈ ਕਿ ਕਲ੍ਹ ਸਵੇਰ ਦਾ ਕੀਰਤਨ ਵੀ ਆਪ ਦੇ ਗ੍ਰਿਹ ਵਿਖੇ ਹੋਵੇਗਾ।

ਇਹ ਪ੍ਰਵਾਨਗੀ ਮਿਲਣ ਤੇ ਮੇਰੇ ਅੰਦਰ ਪ੍ਰੇਮ-ਕਾਂਗਾਂ ਹੋਰ ਭੀ ਉਮਡ ਉਮਡ ਪੈਣ। ਇਸੇ ਚਾਅ ਤੇ ਖੁਸ਼ੀ ਵਿਚ ਮੈਂ ਸਾਰੀ ਰਾਤ ਕਮਰਿਆਂ ਦਾ ਸਮਾਨ ਸਾਂਭਦੀ, ਸਾਫ਼ ਕਰਦੀ ਅਤੇ ਸੰਵਾਰਦੀ ਨੇ ਜਾਗਦਿਆਂ ਬਿਤਾ ਦਿਤੀ। ਮੇਰਾ ਆਪਾ ਉਛਲ ਉਛਲ ਪੈਂਦਾ ਸੀ, ਜੁ ਸਵੇਰੇ ਜਥਾ ਸਾਡੇ ਘਰ ਕੀਰਤਨ ਕਰੇਗਾ ਅਤੇ ਮੇਰੇ ਹੱਥ ਦਾ ਬਣਿਆ ਪ੍ਰਸ਼ਾਦ ਬਾਊ ਜੀ ਵੀ ਛਕਣਗੇ। ਸੋ ਦਾਤੇ ਨੇ ਇਹ ਚਾਹ ਵੀ ਪੂਰੀ ਕਰ ਦਿਤੀ।

ਸ੍ਰੀ ਅਖੰਡਪਾਠ ਸਮਾਗਮ ਦੀਆਂ ਹਾਜ਼ਰੀਆਂ, ਅੰਮ੍ਰਿਤ-ਸਿੰਚਾਰ ਦੀ ਅਗੰਮੀ ਖੇਡ, ਨਾਮ-ਅਭਿਆਸ ਕਮਾਈਆਂ ਦੇ ਚਲੂਲੇ ਰੰਗ ਅਤੇ ਫਿਰ ਦੂਜਾ ਸਾਰਾ ਦਿਨ ਜਥੇ ਦੇ ਆਉ ਭਾਗਤ, ਲੰਗਰ ਦੀ ਸੇਵਾ ਅਤੇ ਕੀਰਤਨ ਦੇ ਅਨੰਦ ਮੰਗਲ ਬਣੇ ਰਹਿਣ ਨਾਲ ਮੇਰੇ ਪਤੀ ਜੀ ਦੀ ਅਵਸਥਾ ਤਾਂ ਅਤਿ ਬੈਰਾਗਮਈ ਹੋ ਗਈ। ਉਹ ਇਸ ਅਜੱਰ ਅਵਸਥਾ ਨੂੰ ਜਰ ਨਾ ਸਕੇ। ਸਾਹਿਬਾਂ ਦੀ ਐਸੀ ਖੇਡ ਵਰਤੀ ਕਿ ਦੋ ਦਿਨਾਂ ਦੇ ਅੰਦਰ ਹੀ ਉਨ੍ਹਾਂ ਦੀ ਦਿਮਾਗੀ ਹਾਲਤ ਵਿਗੜ ਗਈ। ਲੋਕੀ ਭਾਂਤ ਭਾਂਤ ਦੀਆਂ ਗੱਲਾਂ ਕਰਨ ਲਗੇ। ਰਿਸ਼ਤੇਦਾਰਾਂ ਨੂੰ ਵੀ ਨਿੰਦਾ ਕਰਨ ਦਾ ਮੌਕਾ ਮਿਲ ਗਿਆ। ਜਥੇ ਨੂੰ ਜਾਦੂਗਰਾਂ ਦਾ ਟੋਲਾ ਕਿਹਾ ਗਿਆ। ਪੁਲਿਸ ਤਕ ਰੀਪੋਰਟ ਕਰਨ ਦੀ ਨੌਬਤ ਪੁਜੀ। ਮੇਰੀ ਮਸਤੀ ਦੀ ਦਸ਼ਾ ਨੂੰ ਵੀ ਦਿਮਾਗੀ ਬੀਮਾਰੀ ਸਮਝਿਆ ਗਿਆ। ਉਹ ਮੇਰੇ ਤੇ ਕਈ ਸਵਾਲ ਕਰਦੇ, ਪਰ ਮੈਂ ਤਾਂ ਇਕੋ ਚੁਪ ਧਾਰ ਲਈ। ਮਹਾਂ ਪੁਰਸ਼ਾਂ ਅਤੇ ਮੇਰੇ ਧਰਮ ਪਿਤਾ ਦੀ ਨਿੰਦਾ ਮੈਥੋਂ ਜਰੀ ਨਾ



www.AKJ.Org

ਜਾਂਦੀ। ਇਕੋ ਹੀ ਅਰਦਾਸ ਕਰਦੀ, "ਦਾਤਾ! ਇਨ੍ਹਾਂ ਸਭਨਾਂ ਨੂੰ ਸੁਮੱਤ ਦੇਹ, ਇਹ ਉਨ੍ਹਾਂ ਨੂੰ ਗ਼ਲਤ ਨਾ ਸਮਝਣ।"

ਗੁਰੂ ਪਾਤਸ਼ਾਹ ਨੇ ਬਖ਼ਸ਼ਸ਼ ਕੀਤੀ ਅਤੇ ਕੁਝ ਚਿਰ ਬਾਅਦ ਮੇਰੇ ਪਤੀ ਜੀ ਠੀਕ ਹਾਲਤ ਵਿਚ ਹੋ ਗਏ। ਇਸ ਘਟਨਾ ਮਗਰੋਂ ਮੇਰੇ ਪਤੀ ਜੀ ਦੀ ਇਹ ਤੀਬਰ ਇਛਾ ਬਣ ਗਈ ਕਿ ਆਉਂਦੇ ਸਾਲ ਰਾਵਲਪਿੰਡੀ ਫੇਰੀ ਸਮੇਂ ਜਥੇ ਦਾ ਨਿਵਾਸ ਅਤੇ ਸ੍ਰੀ ਅਖੰਡਪਾਠ ਸਮਾਗਮ ਦਾਸਾਂ ਦੇ ਗ੍ਰਿਹ ਵਿਖੇ ਹੋਵੇ।

## *ਭਾਈ ਸਾਹਿਬ ਜੀ ਦੀ ਜੇਲ੍ਹ ਤੋਂ ਰਿਹਾਈ–*

੧੯੩੦ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਆਪਣਾ ਉਮਰ-ਕੈਦ ਵਾਲਾ ਬੰਦੀ-ਜੀਵਨ ਪੂਰਾ ਕਰ ਕੇ, ਲਾਹੌਰ ਸੈਂਟਰਲ ਜੇਲ੍ਹ ਤੋਂ ਰਿਹਾ ਹੋਏ ਅਤੇ ਆਪਣੇ ਪਿੰਡ ਨਾਰੰਗਵਾਲ ਪਹੁੰਚ ਗਏ। ਭਾਈ ਸਾਹਿਬ ਜੀ ਦੇ ਬੰਦੀ-ਜੀਵਨ ਦੇ ਲੰਬੇ ਅਰਸੇ ਵਿਚ, ੧੯੧੫ ਤੋਂ ੧੯੩੦ ਤਕ, ਉਨ੍ਹਾਂ ਦੇ ਘਰੋਂ ਬੇਬੇ ਕਰਤਾਰ ਕੌਰ ਜੀ, ਉਨ੍ਹਾਂ ਦੇ ਬੱਚੇ ਕਾਕਾ ਬਲਬੀਰ ਸਿੰਘ, ਬੀਬੀ ਦਲੇਰ ਕੌਰ ਅਤੇ ਆਪ ਜੀ ਦੀ ਮਾਤਾ, ਸਾਰੇ ਪਰਵਾਰ ਦੀ ਹਰ ਤਰ੍ਹਾਂ ਦੀ ਸੇਵਾ-ਸੰਭਾਲ ਮੁਖ ਤੌਰ ਤੇ ਬਾਊ ਮੱਲ ਸਿੰਘ ਜੀ ਹੀ ਕਰਦੇ ਰਹੇ। ਭਾਈ ਸਾਹਿਬ ਜੀ ਦੇ ਮਾਤਾ ਜੀ ਤਾਂ ਭਾਈ ਸਾਹਿਬ ਦੀ ਜੇਲ੍ਹ-ਯਾਤਰਾ ਸਮੇਂ, ਕੁਝ ਸਾਲਾਂ ਪਿਛੋਂ ਚੜ੍ਹਾਈ ਕਰ ਗਏ ਸਨ। ਜਥੇ ਦੇ ਮੁਢਲੇ ਮੈਂਬਰਾਂ ਵਿਚੋਂ ਗੁਜਰਵਾਲ ਵਾਲੇ ਬਾਬਾ ਰਾਮ ਸਿੰਘ ਜੀ ਤੇ ਭਾਈ ਸੁਰਜਨ ਸਿੰਘ ਜੀ ਵੀ ਆਪਣੀ ਪਹੁੰਚ ਅਨੁਸਾਰ ਕਾਫ਼ੀ ਹੱਥ ਵਟਾਉਂਦੇ ਰਹੇ। ਬਾਊ ਜੀ ਦੀ ਸਲਾਹ ਨਾਲ ਭਾਈ ਸੁਰਜਨ ਸਿੰਘ ਜੀ ਤਾਂ ਕਈ ਜੇਲ੍ਹਾਂ ਵਿਚ ਸ੍ਰੀਮਾਨ ਭਾਈ ਸਾਹਿਬ ਦੀ ਮੁਲਾਕਾਤ ਨੂੰ ਭੀ ਜਾਂਦੇ ਰਹੇ ਅਤੇ ਭਾਈ ਸਾਹਿਬ ਜੀ ਨੂੰ ਚੀਜ਼ਾਂ-ਵਸਤਾਂ ਭੀ ਪਹੁੰਚਾਂਦੇ ਰਹੇ। ਬਾਊ ਜੀ ਵਲੋਂ ਭਾਈ ਸਾਹਿਬ ਜੀ ਦੇ ਪਰਵਾਰ ਦੀ ਹਰ ਤਰ੍ਹਾਂ ਦੀ ਸੇਵਾ–ਬੱਚਿਆਂ ਦੀ ਪੜ੍ਹਾਈ, ਘਰ ਦੇ ਖ਼ਰਚ ਪਠੇ, ਵਿਆਹ ਸ਼ਾਦੀਆਂ ਆਦਿ–ਤੋੜ ਤਕ ਨਿਭੀ, ਭਾਵੇਂ ਆਪ ਆਪਣੇ ਹੋਰ ਸਜਣਾਂ ਮਿਤਰਾਂ ਤੋਂ ਭੀ ਇਸ ਪਵਿਤਰ ਸੇਵਾ ਵਿਚ ਹਿੱਸਾ ਪਵਾ ਲੈਂਦੇ ਸਨ। ਇਥੋਂ ਤਕ ਕਿ ਭਾਈ ਸਾਹਿਬ ਜੀ ਦੇ ਜੇਲ੍ਹ ਤੋਂ ਬਾਹਰ ਆਉਣ ਤੋਂ ਪਿਛੋਂ ਭੀ ਇਹ ਸੇਵਾ ਬਾਊ ਜੀ ਦੇ ਸਪੁਰਦ ਹੀ ਰਹੀ। ਭਾਈ ਸਾਹਿਬ ਕਿਹਾ ਕਰਦੇ ਸਨ, "ਬਾਊ ਜੀ, ਇਸ ਘਰ ਦੀ ਦੇਖ-ਭਾਲ ਲਈ ਤੁਸੀਂ ਜਾਣੋ ਤੇ ਤੁਹਾਡਾ ਕੰਮ। ਮੇਰਾ ਤਾਂ ਇਕੋ ਹੀ ਰੱਬੀ ਵਿਹਾਰ ਹੈ, ਜੇਲ੍ਹ ਦੇ ਅੰਦਰ ਭੀ ਤੇ ਹੁਣ ਬਾਹਰ ਭੀ।"

## *ਚਿਰੀ-ਵਿਛੁੰਨਿਆਂ ਦਾ ਮਿਲਾਪ–*

ਬਾਊ ਮੱਲ ਸਿੰਘ ਜੀ ਨੂੰ ਮਾਨਯੋਗ ਭਾਈ ਸਾਹਿਬ ਜੀ ਦੇ ਰਿਹਾ ਹੋ ਕੇ ਨਾਰੰਗਵਾਲ ਪੁਜਣ ਦੀ ਸੋਇ ਪੁਜੀ ਤਾਂ ਮਿਲਣ ਲਈ ਵੈਰਾਗ- ਕਾਂਗਾਂ ਉਮਡ ਆਈਆਂ। ਕਿਥੇ ਤਾਂ ਇਹ ਗੱਲ ਸੀ ਕਿ–

ਇਕ ਘੜੀ ਨ ਮਿਲਤੇ ਤ ਕਲਿਜੁਗੁ ਹੋਤਾ॥ (੯੬)

ਤਥਾ–ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ॥ (੮੨੬)

ਇੰਨੇ ਲੰਮੇ ਵਿਛੋੜੇ ਪਿਛੋਂ ਵਸਲ ਦੀ ਘੜੀ ਕਿਹੋ ਜਿਹੀ ਹੋਵੇਗੀ! ਇਸ ਦਾ ਕੁਝ ਅੰਦਾਜ਼ਾ ਰੱਬੀ ਆਸ਼ਕ ਲੋਕ ਹੀ ਲਗਾ ਸਕਦੇ ਹਨ। ਸ੍ਰੀਮਾਨ ਭਾਈ ਸਾਹਿਬ ਜੀ ਦੇ ਅੰਦਰ ਪਹਿਲਾਂ ਹੀ ਤਾਰ ਖੜਕ ਗਈ ਸੀ ਕਿ ਬਾਊ ਜੀ ਸਣੇ ਕੁਝ ਹੋਰ ਪਿਆਰੇ ਸਜਣ-ਸਨੇਹੀਆਂ ਦੇ ਦਰਸ਼ਨ-ਮਿਲਾਪ ਲਈ ਆ ਰਹੇ ਹਨ। ਆਪ ਭੀ ਘਰੋਂ ਬਾਹਰ ਸਣੇ ਪਰਵਾਰ, ਛੋਟੇ ਭਾਈ ਆਤਮਾ ਸਿੰਘ ਅਤੇ ਹੋਰ ਕੁਝ ਗੁਰਮੁਖ ਮੀਤ ਪਿਆਰਿਆਂ ਦੇ ਅਗਲਵਾਂਢੀ ਹੋ, ਖੇਤਾਂ ਵਿਚ ਜਾ ਖੜੇ ਹੋਏ। ਕੀਰਤਨ ਲਈ ਛੈਣੇ ਦੋਹੀਂ ਪਾਸੀਂ ਗੁਰਮੁਖ ਦਰਸ-ਮਿਲਾਪੀ ਭੌਰਿਆਂ ਦੇ ਹਥਾਂ ਵਿਚ ਸਜ ਰਹੇ ਸਨ। ਨੇੜੇ ਪਹੁੰਚ ਕੇ ਦੁਵੱਲੀ ਕੀਰਤਨ ਅਰੰਭ ਹੋ ਗਿਆ ਅਤੇ ਇਉਂ ਗੂੰਜਾਂ



www.AKJ.Org

ਪੈਣ ਲਗੀਆਂ—

ਚਿਰ ਭਇਓ ਦਰਸਨੁ ਦੇਖੇ......ਚਿਰ ਭਇਓ ਦਰਸਨੁ ਦੇਖੇ......(੬੯੪)

ਬਸ, ਫਿਰ ਪੁਛੋ ਕੁਝ ਨਾ, ਦੋਹੀਂ ਪਾਸੀਂ ਜਿਵੇਂ ਬਿਰਹਿ ਬੈਰਾਗ ਦੇ ਕੜ ਪਾਟ ਗਏ ਹੁੰਦੇ ਹਨ—

ਮੈ ਨੀਰੁ ਵਹੈ ਵਹਿ ਚਲੈ ਜੀਉ ॥ (੯੪)

ਕਿਤਨੀ ਹੀ ਦੇਰ ਪਿਛੋਂ ਨੇਤਰਾਂ ਵਿਚ ਨੀਰ ਦੇ ਵਹਿੰਦੇ ਹੜ੍ਹਾਂ ਨਾਲ ਦੋਵੇਂ ਉਚ ਵਿਅਕਤੀ ਨੇੜੇ ਨੇੜੇ ਢੁਕ ਪਏ। ਪਹਿਲੇ ਇਕ ਦੂਜੇ ਦੇ ਚਰਨੀਂ ਮਸਤਕ ਛੁਹਾਣ ਦੀ ਦੁਵੱਲੀ ਕੋਸ਼ਸ਼ ਹੋਈ, ਫਿਰ ਇਸਦੀ ਥਾਂ ਪ੍ਰੇਮ-ਗਲਵਕੜੀਆਂ ਪੈ ਗਈਆਂ। ਦੁਵੱਲੀ ਅਭਿਆਸੀ ਖੰਡਾ ਖੜਕਣ ਲਗ ਪਿਆ। ਨਾਲ ਲਗਦੇ ਹੀ—

ਦਾਸ ਤੁਮਾਰੇ ਕੀ ਪਾਵਉ ਧੂਰਾ ਮਸਤਕਿ ਲੇ ਲੇ ਲਾਵਉ ॥ (੭੧੨-੧੩)

ਦਾ ਇਲਾਹੀ ਕੀਰਤਨ-ਨਾਦ ਜਾਰੀ ਰਿਹਾ। ਦੋਵੇਂ ਗੁਰਮੁਖ ਸਖੀ ਸਹੇਲੀਆਂ ਲੰਮੀਆਂ ਜੁਦਾਈਆਂ ਪਿਛੋਂ ਅਜ ਫਿਰ ਇਕ-ਮਿਕ ਹੋ ਗਈਆਂ। ਭਾਈ ਸਾਹਿਬ ਜੀ ਤੇ ਬਾਊ ਜੀ ਕੀਰਤਨ-ਮਸਤੀ ਵਿਚ ਬੁੰਗਿਆਂ ਨੂੰ ਪਿੰਡ ਵਲ ਹੋ ਤੁਰੇ। ਭਾਈ ਸਾਹਿਬ ਜੀ ਦਾ ਬੁੰਗਾ ਪਿਛਲੀਆਂ ਪੁਰਾਣੀਆਂ ਨਿੱਕੀਆਂ ਇੱਟਾਂ ਦੀ ਬਣੀ ਹੋਈ ਇਕ ਬੜੀ ਵੱਡੀ ਪੱਕੀ ਹਵੇਲੀ ਸੀ। ਆਪ ਜੀ ਦੇ ਪਿਤਾ ਸ: ਨੱਥਾ ਸਿੰਘ ਜੀ ਇਕ ਬੜੇ ਉਚੇ ਮਰਤਬੇ ਤੇ, ਨਾਭਾ ਹਾਈ ਕੋਰਟ ਦੇ ਜਜ ਸਨ। ਪਿੰਡ ਦੀ ਨੰਬਰਦਾਰੀ ਇਨ੍ਹਾਂ ਦੀ ਜੱਦੀ ਚਲੀ ਆਉਂਦੀ ਸੀ। ਭਾਵੇਂ ਭਾਈ ਸਾਹਿਬ ਦੀ ਜ਼ਮੀਨ, ਜਾਇਦਾਦ ਪਿੰਡ ਦੇ ਇਕ ਵਡੇ ਸਰਕਾਰੀ ਝੋਲੀਚੁਕ ਗਜਣ ਸਿੰਘ ਵਕੀਲ ਦੇ ਪੈਰੋਂ ਜ਼ਬਤ ਹੋ ਚੁਕੀ ਸੀ, ਪਰ ਅਜੇ ਵੀ ਪਿੰਡ ਦੀ ਨੰਬਰਦਾਰੀ ਆਪ ਦੇ ਵਡੇ ਭਾਈ ਰੀਟਾਇਰਡ ਤਸੀਲਦਾਰ ਸ: ਹਰਬੰਸ ਸਿੰਘ ਦੇ ਨਾਮ ਸੀ।

ਘਰ ਪਹੁੰਚ ਕੇ ਦੀਵਾਨ ਸਜ ਗਿਆ ਅਤੇ ਕੀਰਤਨ-ਅਖਾੜੇ ਬਝ ਗਏ—

ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ॥
ਜਨ ਕੀ ਧੂਰਿ ਦੇਹੁ ਕਿਰਪਾਨਿਧਿ ਨਾਨਕ ਕੈ ਸੁਖੁ ਏਹੀ ॥੨॥੪॥੩੫॥ ਧਨਾਸਰੀ ਮ: ੫, ਪੰਨਾ ੬੮੦

---

# ਸਚਿਆਰ-ਪਦ ਦੀ ਪ੍ਰਾਪਤੀ

[ਭਾਈ ਸਾਹਿਬ ਜੋਗਿੰਦਰ ਸਿੰਘ ਜੀ ਤਲਵਾੜਾ]

ਪ੍ਰਸ਼ਨ— ਕੂੜ ਦੀ ਮੈਲ ਕਿਵੇਂ ਉਤਰੇ ਤੇ ਸਚਿਆਰ ਪਦ ਦੀ ਪ੍ਰਾਪਤੀ ਕਿਵੇਂ ਹੋਵੇ ?

ਏਹ ਕੂੜੈ ਕੀ ਮਲੁ ਕਿਉ ਉਤਰੈ ਕੋਈ ਕਢਹੁ ਇਹੁ ਵੀਚਾਰੁ ॥ ਪੰਨਾ ੯੫੦

ਉਤਰ— ਸਤਿਗੁਰੁ ਮਿਲੈ ਤ ਨਾਮੁ ਦਿੜਾਏ ਸਭਿ ਕਿਲਵਿਖ ਕਟਣਹਾਰੁ ॥
ਨਾਮੁ ਜਪੇ ਨਾਮੋ ਆਰਾਧੇ ਤਿਸੁ ਜਨ ਕਉ ਕਰਹੁ ਸਭਿ ਨਮਸਕਾਰੁ ॥
ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ ॥੨॥੯॥

ਮ: ੩, ਵਾਰ ਰਾਮਕਲੀ ਮ: ੩, ਪੰਨਾ ੯੫੦

ਜਿੰਨੀ ਦੇਰ ਤਕ ਮਨ ਮੈਲਾ ਹੈ, ਸੱਚ-ਸਰੂਪ ਵਾਹਿਗੁਰੂ ਵਿਚ ਇਹ ਮਿਲ ਨਹੀਂ ਸਕਦਾ। ਕੇਵਲ 'ਸੱਚ' ਹੀ ਸੱਚ ਵਿਚ ਮਿਲ ਸਕਦਾ ਹੈ। ਗੁਰੂ ਦੁਆਰਾ ਪ੍ਰਾਪਤ ਹੋਏ ਤੇ ਗੁਰਮਤਿ ਨਾਮ ਦੀ ਕਮਾਈ ਦਾ ਸਦਕਾ ਮਨ ਤੋਂ ਕੂੜ ਦੀ ਸਾਰੀ ਮੈਲ ਉਤਰ ਜਾਂਦੀ ਹੈ। ਮਨ ਸਚਿਆਰ ਹੋ ਜਾਂਦਾ ਹੈ।

ਕਈ ਮਨੁਖਾਂ ਨੂੰ ਆਪਣੇ ਸੱਚ ਬੋਲਣ ਦਾ ਬੜਾ ਹੰਕਾਰ ਹੁੰਦਾ ਹੈ, ਹਰ ਵੇਲੇ ਤੇ ਹਰੇਕ ਨਾਲ ਆਪਣੇ ਸੱਚ ਬੋਲਣ ਦੀ ਹੀ ਚਰਚਾ ਕਰਦੇ ਰਹਿੰਦੇ ਹਨ ਤੇ ਹਉਮੈ ਨੂੰ ਪੱਠੇ ਪਾਉਂਦੇ ਰਹਿੰਦੇ ਹਨ। ਸੱਚ ਬੋਲਣਾ ਚੰਗਾ ਮਨੁਖੀ ਗੁਣ ਹੈ। ਪਰ ਇਸ ਦਾ ਹੰਕਾਰ ਹੋਣਾ ਇਕ ਮਹਾਨ ਅਉਗੁਣ ਹੈ।

ਸੱਚ-ਪਦ ਕੇਵਲ ਨਾਮ ਹੈ ਅਤੇ ਕੇਵਲ ਨਾਮ ਜਪਣਹਾਰਾ ਮਨੁਖ ਹੀ ਸਚਿਆਰ ਪਦ ਦਾ ਅਧਿਕਾਰੀ ਹੈ। ਉਸ ਪਾਸੋਂ ਸੁਤੇ ਹੀ ਝੂਠ ਨਹੀਂ ਬੋਲਿਆ ਜਾਂਦਾ ਤੇ ਉਸ ਨੂੰ ਅਜਿਹਾ ਕਰਨ ਵਿਚ ਕੋਈ ਉਚੇਚਾ ਯਤਨ ਨਹੀਂ ਕਰਨਾ ਪੈਂਦਾ। ''ਜੀਵਨ ਕਥਾ ਗੁਰੂ ਅਮਰਦਾਸ ਜੀ''

www.AKJ.Org

# ਸ਼ਹੀਦਾਂ ਦੀ ਕੌਮ

[ਸ: ਦਾਨ ਸਿੰਘ ਜੀ ਕੋਮਲ, ਬੰਬਈ ਵਾਲੇ, ਕੋਰਟ ਰੋਡ, ਪੱਟੀ]

ਕਿਸੇ ਕੌਮ ਦੀ ਸ਼ਕਤੀ ਜੇ ਵੇਖਣੀ ਏ, ਕਦੇ ਗਿਣੋ ਨਾ ਉਹਦੇ ਮੁਰੀਦ ਕਿੰਨੇ ?
ਬੰਦੇ ਗਿਣੋ ਨਾ, ਸਗੋਂ ਇਹ ਕਰੋ ਗਿਣਤੀ, ਓਸ ਕੌਮ ਵਿਚ ਹੋਏ ਸ਼ਹੀਦ ਕਿੰਨੇ ?
ਗਿਣ ਕੇ ਵੇਖੋ ਸੰਸਾਰ ਦੀਆਂ ਕੁਲ ਕੌਮਾਂ, ਵੇਖੋ ਕੌਣ ਨੀਵੀਂ, ਵੇਖੋ ਕੌਣ ਉੱਚੀ ?
ਜਿਸ ਕੌਮ ਦੇ ਹੋਣ ਸ਼ਹੀਦ ਬਹੁਤੇ, ਓਸ ਕੌਮ ਦੀ ਰਹਿੰਦੀ ਏ ਧੌਣ ਉੱਚੀ।
ਸੇਵਾ, ਸਿਮਰਨ,ਸੱਚਾਈ ਤੇ ਸਿਦਕ,ਸੰਜਮ,ਜਿਸ ਕੌਮ ਦੇ ਮਹਿਲ ਦੀਆਂ ਥੰਮ੍ਹੀਆਂ ਨੇ।
ਓਸ ਕੌਮ ਦਾ ਹੁੰਦਾ ਏ ਸਿਰ ਉੱਚਾ, ਓਸ ਕੌਮ ਦੀਆਂ ਬਾਹਾਂ ਲੰਮੀਆਂ ਨੇ।
ਲੜਨਾ ਦੇਸ਼ ਖ਼ਾਤਰ, ਮਰਨਾ ਦੇਸ਼ ਖ਼ਾਤਰ, ਜਿਸ ਕੌਮ ਦੀਆਂ ਮੁਢ ਤੋਂ ਆਦਤਾਂ ਨੇ।
ਓਹੋ ਕੌਮ ਮਰ-ਜੀਵੜੇ ਕਰੇ ਪੈਦਾ, ਉਹਨੂੰ ਲਾਂਦੀਆਂ ਰੰਗ ਸ਼ਹਾਦਤਾਂ ਨੇ।
ਭਗਤੀ, ਸ਼ਾਂਤੀ, ਕੁਰਬਾਨੀ ਤੇ ਅਣਖ, ਸ਼ਕਤੀ, ਜਿਸ ਕੌਮ ਦੇ ਪਾਸ ਇਹ ਰਾਸ ਹੋਵੇ।
ਉਹ ਕੌਮ ਨਹੀਂ ਕਦੇ ਅਧੀਨ ਹੁੰਦੀ, ਉਹਦਾ ਆਪਣੇ ਉਤੇ ਵਿਸ਼ਵਾਸ ਹੋਵੇ।
ਜਿਸ ਕੌਮ ਦਾ ਹੋਵੇ ਵਿਸ਼ਵਾਸ ਜ਼ਿੰਦਾ, ਉਹਦੇ ਹੱਡ ਜ਼ਿੰਦਾ, ਲਹੂ, ਮਾਸ ਜ਼ਿੰਦਾ।
ਕੌਣ ਜੰਮਿਐ ਉਹਨੂੰ ਮਿਟਾਉਣ ਵਾਲਾ, ਓਸ ਕੌਮ ਦਾ ਰਹਿੰਦਾ ਇਤਿਹਾਸ ਜ਼ਿੰਦਾ।
ਜਿਸ ਕੌਮ ਦਾ ਜ਼ਿੰਦਾ ਇਤਿਹਾਸ ਹੋਵੇ, ਉਹ ਕੌਮ ਨਹੀਂ ਕਿਸੇ ਤੋਂ ਡਰ ਸਕਦੀ।
ਜਿਸ ਕੌਮ ਨੂੰ ਮਰਨ ਦਾ ਚਾਅ ਹੋਵੇ, ਉਹ ਕੌਮ ਨਹੀਂ ਕਦੇ ਵੀ ਮਰ ਸਕਦੀ।
ਜਿਹੜੀ ਕੌਮ ਵਿਚ ਹੋਣ ਸਿਰਲੱਥ ਸੂਰੇ, ਉਹਦਾ ਲਹੂ ਨਾ ਨਾੜਾਂ ਵਿਚ ਜੰਮਦਾ ਏ।
ਫਲ ਚੱਖਦੀ ਓਹੋ ਕੁਰਬਾਨੀਆਂ ਦੇ, ਮਜ਼ਾ ਉਸੇ ਨੂੰ ਆਂਦਾ ਅਗੰਮ ਦਾ ਏ।
ਜਿਹੜੀ ਕੌਮ ਨੇ ਦੇਸ਼ ਤੇ ਧਰਮ ਖ਼ਾਤਰ, ਆਪਣੇ ਧੜ ਤੇ ਸਮਝਿਆ ਸੀਸ ਹੀ ਨਹੀਂ।
ਓਸ ਕੌਮ ਦੀ ਨਹੀਂ ਮਿਸਾਲ ਮਿਲਦੀ, ਉਹਦੀ ਜੱਗ ਉੱਤੇ ਕੋਈ ਰੀਸ ਹੀ ਨਹੀਂ।
ਜਿਹੜੀ ਕੌਮ ਹੈ ਸਮਝਦੀ ਜ਼ਿੰਦਗੀ ਨੂੰ, ਜਿਹੜੀ ਕੌਮ ਨੂੰ ਮਰਨ ਦਾ ਵਲ ਹੋਵੇ।
ਓਸ ਕੌਮ ਦੀ ਜੱਗ ਤੇ ਜੈ ਹੁੰਦੀ, ਭਾਵੇਂ ਅੱਜ ਹੋਵੇ, ਭਾਵੇਂ ਕਲ੍ਹ ਹੋਵੇ।
ਓਸ ਕੌਮ ਦੇ ਮੰਦਰ ਤੇ ਬੁਰਜ ਉੱਚੇ,ਤਨ ਮਨ ਜਿਨ੍ਹਾਂ ਦਾ ਨੀਹਾਂ ਵਿਚ ਪਿਆ ਹੋਇਐ।
ਓਸ ਕੌਮ ਦੇ ਉਚੇ ਨਿਸ਼ਾਨ ਝੂਲਣ, ਠੇਕਾ ਜਿਨ੍ਹੇ ਕੁਰਬਾਨੀ ਦਾ ਲਿਆ ਹੋਇਐ।
ਜਿਹੜੀ ਕੌਮ ਦੁਹਰਾਂਦੀ ਇਤਿਹਾਸ ਆਪਣਾ, ਉਹ ਗ਼ੁਲਾਮ ਨਹੀਂ ਕਦੇ ਵੀ ਰਹਿ ਸਕਦੀ।
ਉਹਦੀ ਸ਼ਾਨ ਦਾ ਸੂਰਜ ਹੈ ਸਿਖਰ ਉੱਤੇ,ਉਸ ਤੇ ਕਦੇ ਵੀ ਸ਼ਾਮ ਨਹੀਂ ਪੈ ਸਕਦੀ।
ਆਪਣੇ ਬਲ ਤੇ ਜੀਊਂਦੀ ਹੈ ਕੌਮ ਜਿਹੜੀ, ਉਹਦੀ ਜੱਗ ਤੇ ਰੀਸ ਨਾ ਕੋਈ ਸਮਝੋ।
ਜਿਹੜੀ ਕੌਮ ਵਿਚ ਅਣਖ ਤੇ ਆਨ ਈ ਨਹੀਂ, ਮੋਈ ਅੱਜ ਵੀ ਕਲ੍ਹ ਵੀ ਮੋਈ ਸਮਝੋ।
ਸਿੱਖ ਕੌਮ ਸੰਪੂਰਨ ਹੈ ਹਰ ਪੱਖੋਂ, ਜੀਊਂਦੀ ਜਾਗਦੀ ਉੱਚੇ ਨਿਸ਼ਾਨ ਕਰਕੇ।
ਅਣਖ ਨਾਲ ਜੀਊਣਾ,ਗੈਰਤ ਨਾਲ ਮਰਨਾ,ਸਿੰਘਾਂ ਸਿੱਖਿਆ ਏ ਅੰਮ੍ਰਿਤ ਪਾਨ ਕਰ ਕੇ।

ਛਪ ਰਹੀ ਪੁਸਤਕ "ਰਤੇ ਇਸ਼ਕ ਖੁਦਾਇ" ਵਿਚੋਂ



www.AKJ.Org

# ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ

[ਸ: ਮਨਮੋਹਨ ਸਿੰਘ ਜੀ ਬਬਿਆਲ ਐਮ. ਏ.]

ਮਹਾਨ ਕੋਸ਼ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ 'ਮਾਨਸ' ਸ਼ਬਦ ਦਾ ਅਰਥ ਮਨੁਖ ਹੈ, ਉਹ ਮਨੁਖ ਜਿਸ ਦੇ ਅੰਦਰ ਸਮੁਚੀ ਮਾਨਵਤਾ ਲਈ ਦਰਦ ਹੋਵੇ, ਜੋ ਸਾਰੇ ਸੰਸਾਰ ਦੀ ਲੋਕਾਈ ਨੂੰ ਸਾਂਝਾ ਭਾਈਚਾਰਾ ਮੰਨਦਾ ਹੋਵੇ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਇਸ ਲੇਖ ਦਾ ਸਿਰਲੇਖ ਉਪਰੋਕਤ ਆਸ਼ੇ ਨੂੰ ਪ੍ਰਚਾਰਨ ਲਈ ਹੋਕਾ ਦੇਂਦਾ ਹੈ। ਵਰਤਮਾਨ ਸਮੇਂ ਇਸ ਸਿਧਾਂਤ ਨੂੰ ਫੈਲਾਉਣ ਅਤੇ ਅਮਲ ਕਰਨ ਦੀ ਲੋੜ ਭਾਸਦੀ ਹੈ, ਜਦੋਂ ਕਿ ਸਮੁੱਚਾ ਸੰਸਾਰ ਜਾਤ-ਪਾਤ, ਗਰੀਬ-ਅਮੀਰ, ਊਚ-ਨੀਚ ਆਦਿ ਵੰਡ-ਵਖੇਵਿਆਂ ਵਿਚ ਵੰਡਿਆ ਹੋਇਆ ਹੈ। ਆਵਾ ਜਾਈ ਦੇ ਸਾਧਨਾਂ ਵਿਚ ਉੱਨਤੀ ਹੋਣ ਕਰਕੇ ਇਕ ਥਾਂ ਤੋਂ ਦੂਜੀ ਥਾਂ ਜਾਣਾ ਤਾਂ ਬਹੁਤ ਸੌਖਾ ਹੈ, ਪਰ ਅੰਤਰਰਾਸ਼ਟਰੀ ਹੱਦਾਂ ਨੂੰ ਬਿਨਾਂ ਆਗਿਆ ਲੰਘਣਾ ਅਤੇ ਭਾਰੀ ਖ਼ਰਚ ਦਾ ਸਾਹਮਣਾ ਹੋਣਾ ਇਸ ਰਾਹ ਵਿਚ ਵੱਡੀਆਂ ਰੁਕਾਵਟਾਂ ਹਨ। ਇਨ੍ਹਾਂ ਸਾਰੀਆਂ ਗੱਲਾਂ ਤੋਂ ਬਾਅਦ ਸਾਨੂੰ ਇਹ ਸੋਚਣ ਦੀ ਲੋੜ ਹੈ ਕਿ ਅਜਿਹੇ ਕਿਹੜੇ ਤੱਥ ਹਨ ਜੋ ਏਕਤਾ ਦੇ ਰਾਹ ਵਿਚ ਦੀਵਾਰ ਬਣੇ ਖੜੇ ਹਨ।

ਦੁਨੀਆ ਦੇ ਲਗ ਪਗ ਸਾਰੇ ਧਰਮ ਭਰਾਤਰੀ ਪਿਆਰ, ਦੂਸਰਿਆਂ ਨਾਲ ਹਮਦਰਦੀ, ਸਹਿਨਸ਼ੀਲਤਾ ਦੀ ਭਾਵਨਾ ਤੇ ਪਰਉਪਕਾਰ ਦਾ ਉਦੇਸ਼ ਦਿੰਦੇ ਹਨ। ਈਸਾਈ ਸ਼ਾਸ਼ਤਰ (ਬਾਈਬਲ) ਅਨੁਸਾਰ "ਤੁਸੀਂ ਆਪਣੇ ਗੁਆਂਢੀ ਨੂੰ ਵੀ ਉਸੇ ਤਰ੍ਹਾਂ ਹੀ ਪਿਆਰ ਕਰੋ ਜਿਹੋ ਜਿਹਾ ਤੁਸੀਂ ਆਪਣੇ ਆਪ ਨੂੰ ਕਰਦੇ ਹੋ।" ਯਹੂਦੀ ਗਰੰਥ ਅਨੁਸਾਰ "ਜੋ ਕੁਝ ਤੁਹਾਨੂੰ ਪਸੰਦ ਨਹੀਂ, ਉਹ ਦੂਜਿਆ ਨੂੰ ਕਿਵੇਂ ਪਸੰਦ ਹੋ ਸਕਦਾ ਹੈ।" ਭਾਰਤੀ ਧਰਮ ਗ੍ਰੰਥ ਵੀ ਨੇਕੀ, ਦਇਆ, ਪ੍ਰੇਮ, ਸਹਿਨਸ਼ੀਲਤਾ ਲਈ ਹੀ ਪ੍ਰੇਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਤਾਂ ਅਜਿਹੇ ਅਨੇਕਾਂ ਗੁਰ-ਹੁਕਮ ਮਿਲਦੇ ਹਨ :–

ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥੩॥੬੨॥

[ਆਸਾ ਮਹਲਾ ੫, ਪੰਨਾ ੩੮੬

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥੮॥

[ਕਾਨੜਾ ਮਹਲਾ ੫, ਪੰਨਾ ੧੨੯੯

ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ ॥ (ਹਿਆਉ=ਹਿਰਦਾ)

[ਸਲੋਕ ਫਰੀਦ ਜੀ, ਪੰਨਾ ੧੩੮੪

ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥......

ਸਭ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥੩॥੩॥

[ਧਨਾਸਰੀ ਮਹਲਾ ੫, ਪੰਨਾ ੬੭੧

ਜਾਤ ਪਾਤ ਦੇ ਵਿਰੁਧ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਵਧ ਜਹਾਦ ਕੀਤਾ। ਇਹ ਠੀਕ ਹੈ ਕਿ ਮਨੁੱਖੀ ਇਤਿਹਾਸ ਅੰਦਰ ਸਮੇਂ ਸਮੇਂ ਕਈ ਜ਼ਾਲਮ ਬਾਦਸ਼ਾਹ, ਅਮੀਰ ਵਜ਼ੀਰ ਆਦਿ ਹੋਏ, ਜਿਨ੍ਹਾਂ ਨੇ ਆਪਣੇ ਧਰਮ ਨੂੰ ਫੈਲਾਉਣ ਦੀ ਆੜ ਹੇਠ ਲੋਕਾਂ ਤੇ ਵਹਿਸ਼ੀਆਨਾ ਜ਼ੁਲਮ ਕੀਤੇ ਅਤੇ ਦੂਸਰੇ ਧਰਮਾਂ ਦੇ ਲੋਕਾਂ ਦੇ ਪਵਿੱਤਰ ਧਾਰਮਿਕ ਸਥਾਨ ਢਾਹ ਦਿਤੇ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸੰਕੀਰਨਤਾ ਨੂੰ ਨਹੀਂ ਅਪਣਾਇਆ, ਬਲਕਿ ਇਸ ਤਰ੍ਹਾਂ ਫੁਰਮਾਇਆ :–

[ਬਾਕੀ ਦੇਖੋ ਸਫਾ ੧੬ ਦੇ ਹੇਠ]



www.AKJ.Org

# ਭਗਤੀ ਤੇ ਸ਼ਕਤੀ ਦਾ ਸੁਮੇਲ

[ਸ: ਧਰਮ ਸਿੰਘ ਜੀ ਭੰਖਰਪੁਰ]

ਬਾਦਸ਼ਾਹ ਸਿਕੰਦਰ ਲੋਧੀ ਬਾਰੇ "ਤਾਰੀਖ਼-ਏ-ਦਾਊਦੀ" ਪੁਸਤਕ ਦਾ ਕਰਤਾ ਲਿਖਦਾ ਹੈ ਕਿ "ਉਸ ਨੇ ਮਥਰਾ ਦੇ ਹਿੰਦੂ-ਮੰਦਰਾਂ ਨੂੰ ਢਾਹ-ਢੇਰੀ ਕਰਕੇ, ਕਾਫਰਾਂ ਦੇ ਇਸ ਵਡੇ ਗੜ੍ਹ ਨੂੰ ਮਿੱਟੀ ਵਿਚ ਮਿਲਾ ਦਿਤਾ ਸੀ ਅਤੇ ਉਸ ਨੇ ਮੰਦਰਾਂ ਦੀਆਂ ਪੱਥਰਾਂ ਦੀਆਂ ਮੂਰਤੀਆਂ ਨੂੰ ਕਸਾਈਆਂ ਦੇ ਹਵਾਲੇ ਕਰ ਦਿਤਾ ਸੀ। ਤਾਂ ਕਿ ਉਹ ਉਹਨਾਂ ਨੂੰ ਮੀਟ ਤੋਲਣ ਲਈ ਤੋਲ-ਵੱਟਿਆਂ ਦੇ ਤੌਰ ਤੇ ਇਸਤਿਮਾਲ ਕਰ ਸਕਣ। ਇਸੇ ਤਰ੍ਹਾਂ ਉਸ ਨੇ "ਨਗਰ ਕੋਟ" ਅਤੇ "ਜਵਾਲਾ ਮੁਖੀ" ਦੇ ਮੰਦਰਾਂ ਦੀਆਂ ਮੂਰਤੀਆਂ ਨੂੰ ਵੀ ਤੋੜ ਕੇ, ਕਸਾਈਆਂ ਦੇ ਹਵਾਲੇ ਕਰ ਦਿਤਾ ਸੀ।"

ਪ੍ਰਸਿੱਧ ਇਤਿਹਾਸਕਾਰ ਸ੍ਰੀ ਗੋਕਲ ਚੰਦ ਨਾਰੰਗ ਅਨੁਸਾਰ "ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਅਤੇ ਕਾਫ਼ੀ ਸਮਾਂ ਬਾਅਦ ਤੱਕ ਵੀ ਇਤਿਹਾਸ ਵਿਚ ਐਸੇ ਇਕ ਵੀ ਹਿੰਦੂ ਦਾ ਨਾਮ ਨਹੀਂ ਮਿਲਦਾ, ਜਿਸ ਨੇ ਆਪਣੀ ਕੌਮ ਨਾਲ ਹੁੰਦੇ ਆ ਰਹੇ ਦੁਰ-ਵਿਵਹਾਰ ਵਿਰੁਧ ਆਵਾਜ਼ ਉਠਾਣ ਦਾ ਹੀਆ ਕੀਤਾ ਹੋਵੇ। ਹੀਆ ਕਰਦਾ ਵੀ ਕੋਈ ਕਿਵੇਂ? ਜਦ ਕਿ ਪ੍ਰਸਿਧ ਅਖਾਣ ਅਨੁਸਾਰ ਇਹਨਾਂ ਲੋਕਾਂ ਦੀ ਹਾਲਤ—"ਤੋਲਣ ਜਾਣਾ ਤੱਕੜੀ॥ ਨੰਗੀ ਕਰਦ ਕਬਹੂੰ ਨ ਪਕੜੀ" ਵਾਲੀ ਸੀ।

ਖਾਲਸਾ ਪੰਥ ਦੇ ਭਗਤੀ ਦੇ ਨਾਲ ਸ਼ਕਤੀ ਦੇ ਸੁਮੇਲ ਦੇ ਸਿਧਾਂਤ ਦੀ ਵਿਰੋਧਤਾ ਕਰਨ ਵਾਲੇ ਹਿੰਦ-ਵਾਸੀਆਂ ਦੇ ਪੁਰਾਤਨ ਇਤਿਹਾਸ ਨੂੰ ਵਾਚੀਏ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਦੇ ਵਡਿਆਂ ਵਡੇਰਿਆਂ ਰਿਸ਼ੀਆਂ ਮੁਨੀਆਂ ਨੇ ਭਗਤੀ ਤੋਂ ਸ਼ਕਤੀ ਨਿਖੇੜ ਕੇ ਕਿਹੜੇ ਕਿਹੜੇ ਰਾਕਸ਼ੀ ਅਕਰਮਣ ਸਹਿਨ ਨਹੀਂ ਕੀਤੇ।

ਇਨ੍ਹਾਂ ਤੱਥਾਂ ਦੀ ਮੂੰਹ-ਬੋਲਦੀ ਤਸਵੀਰ ਵਜੋਂ ਰਾਮਾਇਣ ਗ੍ਰੰਥ ਦੀ ਇਹ ਵਾਰਤਾ ਪਰਤੱਖ ਹੈ ਕਿ ਰਿਸ਼ੀ ਵਿਸ਼ਵਾ-ਮਿਤਰ ਇਕਾਂਤ ਜੰਗਲ ਵਿਚ ਭਗਤੀ ਵਿਚ ਲੀਨ ਹੋ ਕੇ ਹਵਨ ਆਦਿ ਕਰ ਰਿਹਾ ਸੀ ਤਾਂ ਜੰਗਲ ਵਿਚ ਰਹਿੰਦੇ 'ਮਰੀਚ' ਨਾਮੀ ਦੈਂਤ ਨੇ ਆਪਣੇ ਸਾਥੀਆਂ ਸਮੇਤ ਆ ਕੇ ਮਾਰੂ ਹਮਲਾ ਕਰ ਦਿਤਾ। ਰਿਸ਼ੀ ਤਾਂ ਜਾਨ

---

[ਸਫ਼ਾ ੧੫ ਦੀ ਬਾਕੀ]

ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ, ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥੮੬॥

ਸਾਡੇ ਪੁਰਾਤਨ ਇਤਿਹਾਸ ਤੋਂ ਲੈ ਕੇ ਹੁਣ ਤਕ ਸਭ ਨੂੰ ਬਰਾਬਰ ਸਮਝਣ ਵਾਲੇ ਮਹਾਂ ਪੁਰਸ਼ਾਂ ਦੀਆਂ ਅਨੇਕਾਂ ਉਦਾਹਰਣਾਂ ਹਨ। ਜਿਹਾ ਕਿ ਕ੍ਰਿਸ਼ਨ ਜੀ ਗਰੀਬ ਸੁਦਾਮੇ ਦੇ ਉਸ ਵੇਲੇ ਤਕ ਵੀ ਮਿੱਤਰ ਰਹੇ ਜਦੋਂ ਕਿ ਸੁਦਾਮਾ ਬਿਲਕੁਲ ਕੰਗਾਲ ਹੋ ਗਿਆ ਸੀ। ਭੀਲਣੀ ਦੇ ਜੂਠੇ ਬੇਰ ਖਾਣੇ ਸ੍ਰੀ ਰਾਮ ਚੰਦਰ ਜੀ ਦੀ ਸਮ-ਦ੍ਰਿਸ਼ਟੀ ਨੂੰ ਪ੍ਰਗਟ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਮਰਾਸੀ ਜਾਤ ਦੇ ਇਕ ਸਜਣ—ਮਰਦਾਨੇ ਨੂੰ ਸਾਰੀ ਉਮਰ ਆਪਣੇ ਨਾਲ ਰਖਣਾ, ਭਾਈ ਲਾਲੋ ਦਾ ਪ੍ਰਸ਼ਾਦਾ ਛਕਣਾ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਸਭ ਜਾਤ-ਪਾਤ ਦੇ ਮਨੁੱਖਾਂ ਨੂੰ ਇਕੋ ਕਰਕੇ ਖਾਲਸਾ ਸਾਜਣਾ ਆਦਿ ਘਟਨਾਵਾਂ ਭਰਾਤਰੀ-ਪਿਆਰ ਦੀਆਂ ਮਹੱਤਵ-ਪੂਰਨ ਮਿਸਾਲਾਂ ਹਨ।

ਸਾਡੇ ਮਹਾਨ ਧਰਮ, ਗੁਰੂ, ਮਹਾਂਪੁਰਸ਼ ਤੇ ਭਗਤ ਸਾਨੂੰ ਸਾਰਿਆਂ ਨਾਲ ਪਿਆਰ ਨਾਲ ਰਹਿਣ, ਸ਼ਾਂਤੀ ਦਾ ਵਾਤਾਵਰਨ ਬਨਾਉਣ, ਕਿਰਤ ਕਮਾਈ ਕਰਨ, ਵੰਡ ਛਕਣ, ਸ਼ੁਭ ਕਰਮ ਕਰਨ, ਆਚਰਣਕ ਉਚਤਾ ਦੇ ਨਾਲ ਹੀ ਸਾਰਿਆਂ ਦੀ ਭਲਾਈ ਲਈ ਸੋਚਣ ਦੀ ਸਿਖਿਆ ਦਿੰਦੇ ਹਨ। ਸਾਨੂੰ ਇਨ੍ਹਾਂ ਦੇ ਉਪਦੇਸ਼ਾਂ ਤੇ ਅਮਲ ਕਰਨਾ ਚਾਹੀਦਾ ਹੈ। ਅਕਾਲ ਉਸਤਤਿ ਵਿਚਲੇ ਗੁਰੂ ਗੋਬਿੰਦ ਸਿੰਘ ਜੀ ਦੇ ਇਹ ਵਾਕ ਸਾਨੂੰ ਸਦਾ ਹੀ ਝੰਜੋੜਦੇ ਰਹਿਣਗੇ—

ਕੋਊ ਭਇਓ ਮੁੰਡੀਆ ਸੰਨਿਆਸੀ, ਕੋਊ ਜੋਗੀ ਭਇਓ, ਕੋਈ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ, ਰਾਫਜੀ ਇਮਾਮ ਸਾਫੀ, ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥



www.AKJ.Org

ਬਚਾ ਕੇ ਭਜ ਗਿਆ, ਪਰ ਰਾਕਸ਼ਾਂ ਨੇ ਉਸ ਦੇ ਹਵਨ ਦੀ ਅੱਗ ਵਿਚ ਮਾਸ ਭੁੰਨ ਕੇ ਉਸ ਨੂੰ ਭ੍ਰਿਸ਼ਟ ਕਰ ਦਿਤਾ। ਰਿਸ਼ੀ ਪਾਸ 'ਭਗਤੀ' ਦੀ ਪੂੰਜੀ ਤਾਂ ਬੜੀ ਸੀ, ਪਰ 'ਸ਼ਕਤੀ' ਤੋਂ ਕੋਰਾ ਸੀ। ਰਾਕਸ਼ਾਂ ਦਾ ਸਾਹਮਣਾ ਕਰਨ ਲਈ 'ਸ਼ਕਤੀ' ਦੀ ਲੋੜ ਸੀ। ਉਸ ਨੂੰ ਰਾਜਾ ਦਸਰਥ ਦੀ ਸ਼ਰਨ ਲੈਣੀ ਪਈ। ਸ੍ਰੀ ਰਾਮ ਚੰਦਰ ਤੇ ਲਛਮਣ ਜੀ ਨੇ ਆ ਕੇ ਸ਼ਕਤੀ ਦੇ ਬਲ-ਬੋਤੇ ਉਨ੍ਹਾਂ ਰਾਕਸ਼ਾਂ ਦਾ ਨਾਸ ਕੀਤਾ। ਇਹ ਗਾਥਾ ਸਪੱਸ਼ਟ ਕਰਦੀ ਹੈ ਕਿ 'ਭਗਤੀ' ਸ਼ਕਤੀ ਤੋਂ ਬਿਨਾਂ ਨੇਪਰੇ ਨਹੀਂ ਚੜ੍ਹ ਸਕਦੀ ਅਤੇ ਇਨ੍ਹਾਂ ਦੋਹਾਂ ਦਾ ਸੁਮੇਲ ਅਟੁੱਟ ਤੇ ਜ਼ਰੂਰੀ ਹੈ।

ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਜਿਥੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਾਹਮਣੇ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਕੀਤੀ ਅਤੇ ਦੋ ਨਿਸ਼ਾਨ ਸਾਹਿਬ ਝੁਲਾ ਕੇ ਭਗਤੀ ਤੇ ਸ਼ਕਤੀ ਦਾ ਸੁਮੇਲ ਕੀਤਾ, ਉਥੇ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਵੀ ਪਹਿਨੀਆਂ। ਇਸੇ ਗੱਲ ਨੂੰ ਮੁਖ ਰੱਖ ਕੇ ਸਿੱਖਾਂ ਨੂੰ ਵੀ ਕਿਰਪਾਨ ਪਹਿਨਣ ਦਾ ਹੁਕਮ ਦਿਤਾ ਕਿ ਸ਼ਕਤੀ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ। 'ਸੱਚ' ਦੀ ਰਖਿਆ ਲਈ ਤਾਕਤ (ਸ਼ਕਤੀ) ਜ਼ਰੂਰੀ ਹੈ। ਇਸੇ ਮੰਤਵ ਦੀ ਪੂਰਤੀ ਲਈ ਅਥਵਾ ਗੁਰੂ ਨਾਨਕ-ਵਾਦ ਦੇ ਸੱਚੇ ਮਾਰਗ ਦੀ ਸਫ਼ਲਤਾ ਲਈ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਸੰਨ ੧੬੯੯ ਈ: ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਖਾਲਸਾ ਪੰਥ ਦੀ ਸਾਜਨਾ ਕੀਤੀ। ਤੇ ਸਿੱਖਾਂ ਨੂੰ ਸਿੰਘ ਸਜਾ ਕੇ ਪੰਜ ਕਕਾਰ ਪਹਿਨਾਏ। ਸਿੱਖ ਨਾਲੋਂ ਵੀ ਸਿਖੀ ਰਹਿਤ ਪਿਆਰੀ ਦਸੀ। ਤੇ ਰਹਿਤ ਰਹਿਣੀ ਵਿਚ ਰਹਿਣ ਵਾਲੇ ਸਿੰਘ ਨੂੰ "ਸਾਹਿਬ ਮੇਰਾ" ਤੱਕ ਆਖ ਕੇ ਨਿਵਾਜਿਆ। ਕਲਗੀਧਰ ਜੀ ਨੇ ਅਕਾਲਪੁਰਖ ਪਾਸੋਂ ਇਹੋ ਮੰਗ ਮੰਗੀ–

ਦੇਹ ਸਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ ॥
ਅਰੁ ਸਿਖ ਹੋ ਅਪਨੇ ਹੀ ਮਨ ਕੋ, ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਧਾਨ ਬਨੈ, ਅਤ ਹੀ ਰਣ ਮੈਂ ਤਬ ਜੂਝ ਮਰੋਂ ॥੨੩੧॥(ਚੰਡੀ ਚਰਿਤ੍ਰ)

ਅਤੇ ਫਿਰ ਇਹ ਫੁਰਮਾਇਆ–

ਧੰਨ ਜੀਉ ਤਿਹ ਕੋ ਜਗ ਮੈ, ਮੁਖ ਤੇ ਹਰਿ, ਚਿਤ ਮੈ ਜੁਧੁ ਬਿਚਾਰੈ ॥੨੪੯੨॥੫੧੪॥

ਉਪਰੋਕਤ ਵਿਚਾਰਾਂ ਅਨੁਸਾਰ ਸਪੱਸ਼ਟ ਹੈ ਕਿ ਸਿੱਖ ਕੌਮ ਵਿਚ ਜਿਥੇ ਭਗਤੀ ਤੇ ਸ਼ਕਤੀ ਦਾ ਅਟੁੱਟ ਸੰਬੰਧ ਹੈ, ਉਥੇ ਦੂਜੇ ਅਰਥਾਂ ਵਿਚ ਸਿੱਖ ਕੌਮ ਵਿਖੇ ਧਰਮ ਤੇ ਸਿਆਸਤ ਦਾ ਵੀ ਅਟੁੱਟ ਸੁਮੇਲ ਹੈ। ਸਿਖਾਂ ਨੂੰ ਇਹ ਭੁਲੇਖਾ ਪਾਇਆ ਜਾ ਰਿਹਾ ਹੈ ਕਿ ਸਿੱਖ ਧਰਮ ਦਾ ਧਰਮ ਤੇ ਸਿਆਸਤ ਅਲੱਗ ਹਨ। ਇਸ ਦੀ ਸੱਚੀ ਗਵਾਹੀ ਸਿੱਖ ਧਰਮ ਦਾ ਹੁਣ ਤੱਕ ਦਾ ਇਤਿਹਾਸ ਹੈ, ਜੋ ਕਦੇ ਝੁਠਲਾਇਆ ਨਹੀਂ ਜਾ ਸਕਦਾ। ਅਫਸੋਸ ਇਸ ਗੱਲ ਦਾ ਹੈ ਕਿ ਅੱਜ ਸਿੱਖ ਧਰਮ ਪ੍ਰਤੀ ਨਫਰਤ ਰਖਣ ਵਾਲੇ ਗੁਰੂ ਘਰ ਦੇ ਦੋਖੀ, "ਧਰਮ" ਸ਼ਬਦ ਦੇ ਅਰਥ ਹੀ ਗ਼ਲਤ ਲੈ ਰਹੇ ਹਨ। ਤੇ "ਸਿਆਸਤ" ਸ਼ਬਦ ਦੀ ਸ਼ਾਇਦ ਪ੍ਰੀਭਾਸ਼ਾ ਹੀ ਭੁੱਲ ਚੁਕੇ ਹਨ। ਜਿਸ ਕਰਕੇ ਇਹ ਲੋਕ "ਧਰਮ" ਸ਼ਬਦ ਦਾ ਉਦੇਸ਼ ਕੇਵਲ ਅੱਖਾਂ ਮੀਟ ਕੇ ਸਮਾਧੀ ਲਾਉਣ ਜਾਂ ਟੱਲੀਆਂ ਖੜਕਾਣ ਤੱਕ ਹੀ ਸੀਮਤ ਕਰ ਰਹੇ ਹਨ। ਅਤੇ "ਸਿਆਸਤ" ਸ਼ਬਦ ਨੂੰ ਤਾਂ ਨਿਰਾ ਫ਼ਰੇਬ, ਮੱਕਾਰੀ, ਚਲਾਕੀ ਤੇ ਧੋਖੇਬਾਜ਼ੀ ਹੀ ਆਖ ਕੇ, ਇਸ ਦੀ ਵਿਆਖਿਆ ਕੀਤੀ ਜਾ ਰਹੀ ਹੈ। ਪਰ ਯਾਦ ਰੱਖਣ ਵਾਲੀ ਗੱਲ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੱਸੇ ਮਾਰਗ ਮੁਤਾਬਕ :–ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ– ਧਰਮ ਅਖਵਾਉਂਦਾ ਹੈ। ਤੇ ਧਰਮ ਦੀ ਰਖਿਆ, ਗਰੀਬ-ਮਜ਼ਲੂਮ ਦੀ ਰਖਿਆ ਲਈ, ਸੰਤ-ਸਿਪਾਹੀ ਬਣ ਕੇ ਜੂਝਣਾ ਸੱਚੀ ਸਿਆਸਤ ਹੈ।



www.AKJ.Org

# ਮਜ਼ਲੂਮ ਹਿੰਦੂਆਂ ਦੇ ਰਾਖੇ ਗੁਰੂ ਗੋਬਿੰਦ ਸਿੰਘ ਜੀ

[ਵਲੋਂ—ਲਾਲਾ ਦੌਲਤ ਰਾਏ ਜੀ]

ਔਰੰਗਜ਼ੇਬ ਦਾ ਸਮਾਂ ਤਾਂ ਹਿੰਦੂ ਧਰਮ ਤੇ ਬਹੁਤ ਹੀ ਕਰੜਾ ਤੇ ਪ੍ਰੀਖਿਆ ਦਾ ਸਮਾਂ ਸੀ। ਉਹ ਇਤਨਾ ਕਟੜ ਸੀ ਕਿ ਹਿੰਦੂਆਂ ਨੂੰ ਇਸਲਾਮ ਵਿਚ ਸ਼ਾਮਲ ਕਰਨ ਲਈ ਉਹ ਅਤਿਅੰਤ ਸਖ਼ਤੀ ਤੇ ਜਬਰ ਦੀ ਵਰਤੋਂ ਕਰਦਾ ਸੀ। ਜਿੰਨੇ ਵੀ ਮੁਸਲਮਾਨ ਬਾਦਸ਼ਾਹ ਹਿੰਦੁਸਤਾਨ ਵਿਚ ਹੋਏ ਹਨ, ਸਾਰੇ ਹੀ ਹਿੰਦੂਆਂ ਦੇ ਦਿਲੋਂ ਵਿਰੋਧੀ ਸਨ ਤੇ ਹਰ ਸੂਰਤ ਵਿਚ ਉਨ੍ਹਾਂ ਤੇ ਜ਼ੁਲਮ ਹੀ ਕਰਦੇ ਰਹੇ। ਇਤਿਹਾਸ ਦਾ ਹਰ ਇਕ ਪੰਨਾ ਇਸ ਗੱਲ ਦਾ ਗਵਾਹ ਹੈ। ਪਰ ਇਸ ਗੱਲ ਵਿਚ ਜਿੰਨਾ ਬਦਨਾਮ ਔਰੰਗਜ਼ੇਬ ਹੈ ਉਨਾ ਹੋਰ ਕੋਈ ਨਹੀਂ।

ਪ੍ਰਸ਼ਨ ਇਹ ਹੈ ਕਿ ਕੀ ਵਾਸਤਵ ਵਿਚ ਇਹ ਸੱਚ ਹੈ ਕਿ ਜਿੰਨਾ ਔਰੰਗਜ਼ੇਬ ਬਦਨਾਮ ਹੈ ਤੇ ਉਸ ਨੂੰ ਘਿਰਣਾ ਕੀਤੀ ਜਾਂਦੀ ਹੈ, ਉਸ ਨੇ ਜ਼ੁਲਮ ਵੀ ਉਸੇ ਤਰ੍ਹਾਂ ਹੀ ਕੀਤੇ ਹਨ? ਇਸ ਬਾਰੇ ਅਸੀਂ ਹਜ਼ਾਰਾਂ ਵਿਚੋਂ ਕੇਵਲ ਇਕੋ ਹੀ ਉਦਾਹਰਣ ਪੇਸ਼ ਕਰ ਕੇ ਫੈਸਲਾ ਸੂਝਵਾਨ ਪਾਠਕਾਂ ਦੇ ਇਨਸਾਫ ਤੇ ਹੀ ਛਡਦੇ ਹਾਂ–

ਟਾਡ ਸਾਹਿਬ ਨੇ ਰਾਜਿਸਥਾਨ ਦੇ ਇਤਿਹਾਸ ਵਿਚ ਔਰੰਗਜ਼ੇਬ ਦੇ ਮੇਵਾੜ ਦੇ ਇਲਾਕੇ ਤੇ ਹਲੇ ਸਮੇਂ ਦਾ ਜ਼ਿਕਰ ਕਰਦੇ ਲਿਖਿਆ ਹੈ ਕਿ ਉਸ ਨੇ ਵੀ ਅਕਬਰ ਵਾਂਗ ਹੀ ਹਿੰਦੂ ਕਤਲ ਕੀਤੇ, ਪਰ ਉਸ ਨੇ ਉਥੋਂ ਰਾਜਪੂਤਾਂ ਨੂੰ ਕਤਲ ਕਰਾ ਕੇ, ਕਤਲ ਕੀਤੇ ਜਾਣ ਵਾਲਿਆਂ ਦੇ ਸਾਢੇ ਚੁਹੱਤਰ ਮਣ ਜੰਞੂਆਂ ਨਾਲ ਆਪਣੀ ਵਿਜੈ ਮਨਾਈ। ਇਸੇ ਤਰ੍ਹਾਂ ਹੀ ਸਦਾ ਔਰੰਗਜ਼ੇਬ ਆਪਣੀ ਜਿੱਤ ਨੂੰ ਜੰਞੂਆਂ ਨਾਲ ਹੀ ਮਿਣਿਆ ਤੇ ਤੋਲਿਆ ਕਰਦਾ ਸੀ। ਮਣ ਦਾ ਭਾਵੇਂ ਕਿੰਨਾ ਵੀ ਭਾਰ ਕਿਉਂ ਨਾ ਮਿਥ ਲਿਆ ਜਾਵੇ, ਉਸ ਦੇ ਇਸ ਕਰਮ ਨਾਲ ਉਸ ਦੀ ਬੇਦਰਦੀ ਤੇ ਜ਼ੁਲਮ ਤਾਂ ਕਾਫ਼ੀ ਉਘੜ ਕੇ ਸਾਹਮਣੇ ਆ ਜਾਂਦਾ ਹੈ। ਔਰੰਗਜ਼ੇਬ ਵੀ ਪਹਿਲੇ ਇਸਲਾਮੀ ਜੇਤੂਆਂ ਵਾਂਗ ਹੀ ਮੁਤਅਸਬੀ ਤੇ ਤੰਗ-ਦਿਲ ਸੀ। ਸਾਰੇ ਹੀ, ਇਸਲਾਮ ਨੂੰ ਫੈਲਾਉਣਾ ਦੀਨ ਦੁਨੀਆ ਲਈ ਇੱਜ਼ਤ ਦਾ ਸਾਧਨ ਤੇ ਪਵਿੱਤਰ ਫ਼ਰਜ਼ ਸਮਝਦੇ ਸਨ ਅਤੇ ਇਸ ਫ਼ਰਜ਼ ਦੀ ਪਾਲਣਾ ਕਰਨ ਵਿਚ ਫ਼ਖ਼ਰ ਤੇ ਸ਼ਾਨ ਮਹਿਸੂਸ ਕਰਦੇ ਸਨ। ਭਾਰਤ ਦੇ ਪਹਿਲੇ ਮੁਸਲਮਾਨ ਬਾਦਸ਼ਾਹ ਰਾਜਸੀ ਜ਼ੁਲਮਾਂ ਦੀ ਆੜ ਪਿਛੇ ਆਪਣਾ ਮਜ਼ਬੀ ਜਨੂੰਨ ਹੌਲਾ ਕਰ ਲੈਂਦੇ ਸਨ। ਹਿੰਦੂ ਦੁਖੀ ਤਾਂ ਭਾਵੇਂ ਬਹੁਤ ਸਨ, ਪਰ ਉਹ ਰਾਜਸੀ ਜ਼ੁਲਮ ਸਹਿਣ ਦੇ ਆਦੀ ਹੁੰਦੇ ਜਾਂਦੇ ਸਨ। ਇਸ ਲਈ ਜ਼ੁਲਮ ਸਹਾਰੀ ਜਾਂਦੇ ਤੇ ਦਿਨ-ਕਟੀ ਕਰੀ ਜਾਂਦੇ ਸਨ।...... ...... .........

ਹੁਣ ਐਸਾ ਸਮਾਂ ਆ ਗਿਆ ਸੀ ਕਿ ਹਿੰਦੂਆਂ ਦਾ ਖੁਰਾ ਖੋਜ ਹੀ ਧਰਤੀ ਤੋਂ ਮਿਟ ਜਾਂਦਾ। ਤੁਅੱਸਬ ਦਾ ਇਹ ਤੂਫਾਨ, ਜਨੂੰਨੀ ਤੇ ਇਸਲਾਮੀ ਹੜ੍ਹ, ਹਿੰਦੂਆਂ ਦੀ ਬਰਬਾਦੀ ਲਈ ਅਤੀ ਭਿਆਨਕ ਸੀ। ਉਸ ਦੇ ਮੁਕਾਬਲੇ ਵਿਚ ਹਿੰਦੂਆਂ ਦੀ ਹਾਲਤ ਕੀ ਸੀ? ਉਹ ਐਨੇ ਨਿਘਰੇ ਹੋਏ ਸਨ ਕਿ ਵਰਨਣ ਕਰਨਾ ਹੀ ਕਲਮ ਦੀ ਤਾਕਤ ਤੋਂ ਬਾਹਰ ਹੈ। ਉਹ ਐਸਾ ਸਮਾਂ ਸੀ ਕਿ ਹਿੰਦੁਸਤਾਨ ਦੀਆਂ ਚਹੁੰਆਂ ਦਿਸ਼ਾਂ ਵਿਚ ਹੀ ਇਸਲਾਮੀ ਹਕੂਮਤ ਦਾ ਡੰਕਾ ਵੱਜ ਰਿਹਾ ਸੀ। ਹਿੰਦੂਆਂ ਦੀ ਕੋਈ ਹਕੂਮਤ ਵੀ ਬਾਕੀ ਨਹੀਂ ਸੀ ਰਹੀ, ਸਿਵਾਏ ਕੁਝ ਛੋਟੀਆਂ ਛੋਟੀਆਂ ਰਿਆਸਤਾਂ ਤੋਂ, ਉਹ ਵੀ ਜੰਗਲਾਂ ਤੇ ਪਹਾੜਾਂ ਵਿਚ ਹੀ ਕਾਇਮ ਸਨ ਜਾਂ ਗੁਫਾਂ ਰੂਪ ਵਿਚ। ਉਨ੍ਹਾਂ ਪਿਛੇ ਵੀ ਇਸਲਾਮੀ ਟਿੱਡੀ-ਦਲ-ਫ਼ੌਜ ਹਰ ਸਮੇਂ ਉਨ੍ਹਾਂ ਨੂੰ ਮਲੀਆਮੇਟ ਕਰਨ ਤੇ ਤੁਲੀ ਹੋਈ ਸੀ। ਉਹ ਵਿਚਾਰੇ ਪਹਾੜਾਂ ਵਿਚ ਛੁਪ ਕੇ ਦਿਨ-ਕਟੀ ਕਰ ਰਹੇ ਸਨ ਤੇ ਹਿੰਦੂਆਂ ਦੀ ਹਿਫ਼ਾਜ਼ਤ ਕਿਸੇ ਪਰਕਾਰ ਵੀ ਨਹੀਂ ਕਰ ਸਕਦੇ ਸਨ।

...... ...... ...... ...... ...... ...... ...... ...... ......

ਸੈਂਕੜੇ ਸਾਲਾਂ ਦੀ ਇਸ ਅਸ਼ਾਂਤੀ ਵਿਚ ਅਤੇ ਯੁਧਾਂ ਵਿਚ ਹਿੰਦੂਆਂ ਦੀ ਕਿਹੜੀ ਚੀਜ਼ ਸੀ ਜੋ ਸੁਰੱਖਿਅਤ ਰਹਿ ਸਕਦੀ ਸੀ। ਜੋ ਕੁਝ ਪਹਿਲੇ ਵਾਪਰ ਚੁਕਾ ਸੀ, ਉਸ ਨੂੰ ਭੁਲਾ ਕੇ ਵੀ ਜੇ ਕਿਤੇ ਇਕੱਲੇ ਔਰੰਗਜ਼ੇਬ ਦੀਆਂ



www.AKJ.Org

ਕਰਤੂਤਾਂ ਹੀ ਵੇਖੀਆਂ ਜਾਣ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਹੁਣ ਉਹ ਸਮਾਂ ਆ ਗਿਆ ਸੀ ਕਿ ਹਿੰਦੂਆਂ ਦਾ ਨਾਂ ਵੀ ਹਿੰਦੁਸਤਾਨ ਦੀ ਧਰਤੀ ਤੋਂ ਉਸੇ ਤਰ੍ਹਾਂ ਹੀ ਮਿਟ ਜਾਂਦਾ, ਜਿਵੇਂ ਕੁਰੇਸ਼ੀਆਂ ਦਾ ਅਰਬ ਵਿਚੋਂ ਮੇਟਿਆ ਗਿਆ ਸੀ। ਜਾਂ ਫਿਰ ਉਹੀ ਹਾਲ ਹੁੰਦਾ ਜਿਵੇਂ ਈਰਾਨ, ਤੁਰਕਿਸਤਾਨ, ਅਫ਼ਗਾਨਿਸਤਾਨ ਤੇ ਬਲੋਚਿਸਤਾਨ ਦੇ ਵਸਨੀਕ ਆਪਣੇ ਵਡੇ-ਵਡੇਰਿਆਂ ਦੇ ਧਰਮ ਨੂੰ ਤਲਾਂਜਲੀ ਦੇ ਚੁਕੇ ਹਨ। ਇਥੇ ਵੀ ਸਾਰੇ ਹੀ ਹਿੰਦੂ ਆਪਣੇ ਧਰਮ ਦਾ ਤਿਆਗ ਕਰ ਦਿੰਦੇ ਤੇ ਇਸਲਾਮ ਦੀ ਜ਼ਾਲਮ ਤਲਵਾਰ ਅਗੇ ਸਿਰ ਨੀਵਾਂ ਕਰ ਕੇ ਆਪਣੀ ਪੁਰਾਣੀ ਸੰਸਕ੍ਰਿਤੀ ਤੋਂ ਹੱਥ ਧੋ ਬੈਠਦੇ, ਕਿਉਂਕਿ ਹਿੰਦੂਆਂ ਵਿਚ ਹੁਣ ਇਸਲਾਮੀ ਜਬਰ ਤੇ ਜੋਸ਼ ਦਾ ਟਾਕਰਾ ਕਰਨ ਦੀ ਨਾ ਹਿੰਮਤ ਸੀ ਤੇ ਨਾ ਹੀ ਤਾਕਤ, ਨਾ ਹੀ ਹੌਸਲਾ ਸੀ ਤੇ ਨਾ ਹੀ ਸੂਝ, ਨਾ ਹੀ ਧਰਮ ਦਾ ਬਲ ਤੇ ਨਾ ਹੀ ਧਨ-ਬਲ ਸੀ। ਹਿੰਦੂ ਕੌਮ ਖਿਲਰੀ ਪੁੰਡਰੀ, ਨਿਤਾਣੀ ਤੇ ਟੋਟੇ ਟੋਟੇ ਹੋਈ ਪਈ ਸੀ ਅਤੇ ਲੁਛ ਲੁਛ ਕਰਦੀ ਤੇ ਤੜਫਦੀ ਹੋਈ ਦਮ ਤੋੜ ਰਹੀ ਸੀ। ਐਨ ਸੰਭਵ ਸੀ ਤੇ ਕਰੀਬ ਹੀ ਸੀ ਕਿ ਇਸ ਦੇ ਜੀਵਨ ਦੀ ਰਹਿੰਦੀ ਖੂੰਹਦੀ ਜੋਤ ਵੀ ਬੁਝ ਜਾਂਦੀ ਤੇ ਇਸ ਦੇ ਪ੍ਰਾਣ ਪੰਖੇਰੂ ਸਦਾ ਲਈ ਉਡਾਰੀ ਮਾਰ ਜਾਂਦੇ। ਹਿੰਦੂ ਧਰਮ ਤਾਂ ਹੁਣ ਮੁਥਾਜ ਤੇ ਨਿਰਬਲ ਸੀ, ਬੇਸਹਾਰਾ ਸੀ ਤੇ ਉਸ ਉਪਰ ਅਕਹਿ ਮੁਸੀਬਤਾਂ ਦੇ ਪਹਾੜ ਟੁਟੇ ਹੋਏ ਸਨ। ਉਸ ਦੀ ਜੀਵਨ-ਨਈਆ ਤੂਫ਼ਾਨ ਵਿਚ ਐਸੀ ਘਿਰੀ ਹੋਈ ਸੀ ਕਿ ਕਿਨਾਰੇ ਤੇ ਲਗਣ ਦੀ ਕੋਈ ਆਸ ਬਾਕੀ ਨਹੀਂ ਸੀ। ਉਸ ਦਾ ਕੋਈ ਖਵੱਈਆ ਹੀ ਨਹੀਂ ਸੀ ਤੇ ਨਾ ਹੀ ਉਸ ਨੂੰ ਕੋਈ ਬਚਾ ਕੇ ਕਿਨਾਰੇ ਲਾਣ ਵਾਲਾ ਹੀ ਸੀ। ਹਰ ਪਾਸੇ ਲਹਿਰਾਂ ਦੇ ਥਪੇੜੇ ਤੇ ਭੰਵਰ ਦੇ ਚਕਰ ਸਨ। ਪਰ ਐਸੀ ਨਿਰਾਸਤਾ ਵਿਚ ਅਚਨਚੇਤ ਇਕ ਮੂਰਤ ਪਰਗਟ ਹੋਈ, ਜਿਸ ਨੇ ਜ਼ੋਰ ਨਾਲ ਲਿਤਾੜੇ ਜਾ ਰਹੇ ਹਿੰਦੂ ਧਰਮ ਵਲੋਂ ਪੁਕਾਰ ਕੇ ਕਹਿਆ :–

ਬੁਲਬੁਲੇ ਨੇ ਆਖਿਆ, ਜੀਵਨ-ਨਦੀ ਵਗਦੀ ਰਹੇ।
ਮੈਂ ਚਾਹੇ ਨਾ ਰਹਾਂ, ਪਰ ਦੁਨੀ ਇਹ ਵਸਦੀ ਰਹੇ।

ਇਸ ਹਸਤੀ ਨੇ ਹਿੰਦੂ ਧਰਮ ਦੀ ਨਈਆ ਨੂੰ ਤੂਫਾਨ ਵਿਚੋਂ ਕਢਿਆ ਹੀ ਨਹੀਂ, ਸਗੋਂ ਕੰਢੇ ਤੇ ਆ ਖੜਾ ਕੀਤਾ। ਹਿੰਦੂ ਧਰਮ ਦੇ ਸੁਕ ਚੁਕੇ ਤੇ ਕੁਮਲਾ ਗਏ ਬਾਗ ਲਈ ਉਹ ਰਹਿਮਤ ਦੀ ਵਰਖਾ ਤੇ ਉਜੜ ਰਹੇ ਚਮਨ ਦਾ ਮਾਲੀ ਤੇ ਦਰਦ ਵੰਡਾਉਣ ਵਾਲਾ ਸੀ। ਪਰ ਉਹ ਕੌਣ ਸੀ ? ਹਾਂ, ਉਹ ਸਨ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਦੇ ਨਾਂ ਤੋਂ ਸਾਰਾ ਸੰਸਾਰ ਭਲੀ ਪ੍ਰਕਾਰ ਜਾਣੂ ਹੈ।

ਪੁਸਤਕ "ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ" ਪੰਨਾ ੩੩,੩੪,੩੫,੪੦,੪੧,

---


## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | |
|---|---|
| ਗੁਰਮਤਿ ਨਾਮ ਅਭਿਆਸ ਕਮਾਈ | ੬–੫੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ? | ੩–੭੫ |
| ਅਨਹਦ ਸ਼ਬਦ ਦਸਮ ਦੁਆਰ | ੬–੦੦ |
| ਗੁਰਮਤਿ ਰਮਜ਼ਾਂ | ੧–੩੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੫–੫੦ |
| ਸਚਖੰਡ ਦਰਸ਼ਨ | ੧–੭੫ |
| ਝਟਕਾ ਮਾਸ ਪ੍ਰਥਾਇ ਨਿਰਣੈ | ੪–੦੦ |
| ਵਾਹਿਗੁਰੂ ਸਿਮਰਨ | ੦–੪੫ |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦–੨੫ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੦–੫੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦–੪੦ |
| ਵੈਸਾਖੀ ਦਾ ਖੂਨੀ ਸਾਕਾ ਤੇ ਸ਼ਹੀਦੀ ਜੀਵਨ | ੧–੫੦ |
| HAIR-A DIVINE GIFT | 0-40 |
| Dawn of Divine Wisdom | 0-75 |
| ਜੇਲ੍ਹ ਚਿਠੀਆਂ | ੧੫–੦੦ |
| ਅੰਮ੍ਰਿਤ ਕੀ ਹੈ ? | ੧–੦੦ |
| ਗੁਰਮਤਿ ਲੇਖ | ੫–੫੦ |
| ਗੁਰਮਤਿ ਵਿਚਾਰ | ੫–੫੦ |
| ਗੁਰਮਤਿ ਪ੍ਰਕਾਸ਼ | ੩–੭੫ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦–੯੦ |
| ਨਾਮ ਸੰਬੰਧੀ ਵਿਚਾਰ | ੦–੯੦ |
| ਆਸਤਕ ਤੇ ਨਾਸਤਕ | ੦–੩੫ |
| ਉਮਰ ਕੈਦੀ ਦਾ ਸੁਪਨਾ | ੦–੪੦ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦–੪੦ |
| ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦–੨੫ |
| ਗੁਰਬਾਣੀ ਦੀ ਪਾਰਸ ਕਲਾ | ੦–੪੦ |
| ਗੁਰਮਤਿ ਅਨਹਦ ਸ਼ਬਦ | ੦–੨੫ |
| ਜੀਵਨ ਚਰਿਤ੍ਰ ਭਾ: ਰਣਧੀਰ ਸਿੰਘ ਜੀ | ੧–੦੦ |





www.AKJ.Org

# ਰੇ ਨਰ ਕਾਇ ਪਰ-ਗ੍ਰਿਹ ਜਾਇ ?

## ਕੁਚਲ ਕਠੋਰ ਕਾਮਿ ਗਰਧਭ, ਤੁਮ ਨਹੀ ਸੁਨਿਓ ਧਰਮਰਾਇ ?

ਉਪਰੋਕਤ ਹੁਕਮ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਮਾਰੂ ਰਾਗ ਦੇ ਪੰਨਾ ੧੦੦੧-੦੨ ਤੇ ਵੇਖਿਆ ਜਾ ਸਕਦਾ ਹੈ। ਇਸ ਹੁਕਮ ਵਿਚ ਸਤਿਗੁਰੂ ਪਾਤਸ਼ਾਹ ਕਾਮ-ਵਸ ਹੋਏ ਪ੍ਰਾਣੀ ਨੂੰ ਸੰਬੋਧਨ ਕਰ ਕੇ ਪੁਛਦੇ ਹਨ, "ਓਇ (ਕਾਮੀ) ਮਨੁੱਖ ! ਤੂੰ ਕਾਹਦੇ ਲਈ ਪ੍ਰਾਈਆਂ ਇਸਤ੍ਰੀਆਂ ਦੇ ਜਾਲ ਵਿਚ ਫਸ ਕੇ ਝਖਾਂ ਮਾਰਦਾ ਫਿਰਦਾ ਹੈਂ ?" "ਓਇ ਕੁਚੀਲ (ਗੰਦੇ) ਪੱਥਰ-ਚਿਤ ਕਾਮੀ ਪੁਰਸ਼ ! ਓਇ ਖੋਤੇ ! ਕੀ ਤੂੰ (ਕੀਤੀਆਂ ਕਰਤੂਤਾਂ ਦੀਆਂ ਸਜ਼ਾਵਾਂ ਦੇਣ ਵਾਲਾ) ਧਰਮ ਰਾਜ ਨਹੀਂ ਸੁਣਿਆ ਹੋਇਆ ?

ਇਸ ਸ਼ਬਦ ਦੀਆਂ ਮੁਢਲੀਆਂ ਦੋ ਤੁਕਾਂ ਹਨ–

ਗੁਪਤੁ ਕਰਤਾ ਸੰਗਿ ਸੋ ਪ੍ਰਭੁ, ਡਹਕਾਵਏ ਮਨੁਖਾਇ ॥
ਬਿਸਾਰਿ ਹਰਿ ਜੀਉ ਬਿਖੈ ਭੋਗਹਿ, ਤਪਤ ਥੰਮ ਗਲਿ ਲਾਇ ॥੧॥

ਭਾਵ, ਹੇ ਕਾਮੀ ਪੁਰਸ਼ ! ਪਾਪ ਤੂੰ ਲੁਕ ਕੇ ਕਰਦਾ ਹੈਂ, ਪਰ ਉਹ ਅਕਾਲਪੁਰਖ ਵਾਹਿਗੁਰੂ ਤੇਰੇ ਨਾਲ ਵਸਦਾ ਹੈ, ਉਹ ਸਭ ਕੁਝ ਦੇਖ ਰਿਹਾ ਹੈ। ਤੂੰ ਕੇਵਲ ਮਨੁੱਖਾਂ ਨੂੰ ਹੀ ਧੋਖਾ ਦੇ ਰਿਹਾ ਹੈਂ (ਪ੍ਰਭੂ ਨੂੰ ਧੋਖਾ ਨਹੀਂ ਦਿਤਾ ਜਾ ਸਕਦਾ)। ਹੇ ਪਾਪੀ ਪੁਰਸ਼ ! ਤੂੰ ਹਰਿ ਜੀ ਨੂੰ ਵਿਸਾਰ ਕੇ ਵਿਸ਼ੇ ਭੋਗ ਰਿਹਾ ਹੈਂ, ਪਰ ਤੂੰ ਇਹ ਸਮਝ ਲੈ ਕਿ ਇਨ੍ਹਾਂ ਕੁਕਰਮਾਂ ਦਾ ਨਤੀਜਾ ਤਪਦੇ ਥੰਮ੍ਹ ਗਲ ਨਾਲ ਲਾਏ ਜਾਣਗੇ।

ਇਕ ਹੋਰ ਥਾਂ ਸਤਿਗੁਰੂ ਜੀ ਅਜਿਹੇ ਭੁਲੜਾਂ ਪ੍ਰਥਾਇ ਫੁਰਮਾਂਦੇ ਹਨ–

ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥
ਸੰਨ੍ਹੀ ਦੇਨਿ ਵਿਖੰਮ ਥਾਇ ਮਿਠਾ ਮਦੁ ਮਾਣੀ ॥
ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥੨੭॥(੩੧੫)

ਅਤੇ–ਦੇਇ ਕਿਵਾੜ ਅਨਿਕ ਪੜਦੇ ਮਹਿ ਪਰ-ਦਾਰਾ ਸੰਗਿ ਫਾਕੈ ॥
ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪਰਦਾ ਤੇਰਾ ਢਾਕੈ ॥੩॥

[ਸੋਰਠਿ ਮ: ੫, ਪੰਨਾ ੬੧੬

ਸਪੱਸ਼ਟ ਹੈ ਕਿ ਲੁਕ ਲੁਕ ਕੇ ਪਰਾਈਆਂ ਇਸਤ੍ਰੀਆਂ ਦੀ ਝਾਕ ਝਾਕਣੀ ਮਨੁਖ ਮਿਠੇ ਰਸ ਸਮਝਦਾ ਹੈ ਅਤੇ ਭੋਗ ਭੋਗੀ ਜਾਂਦਾ ਹੈ, ਪਰ ਉਸ ਸੱਚੀ ਕਚਹਿਰੀ ਤੋਂ ਕੁਝ ਵੀ ਲੁਕਾਇਆ ਨਹੀਂ ਜਾ ਸਕੇਗਾ। ਉਥੇ ਜਦੋਂ ਚਿਤਰ ਗੁਪਤ ਨੇ ਇਹ ਲੇਖਾ ਮੰਗਣਾ ਹੈ ਤਾਂ ਫਿਰ ਘਾਣੀ ਵਿਚ ਪੀੜੇ ਜਾਣ ਵਾਲੇ ਤਿਲਾਂ ਵਾਂਗ ਕਾਮੀ ਪੁਰਸ਼ ਪੀੜਿਆ ਜਾਵੇਗਾ। ਉਥੇ ਛੁਡਾਉਣ ਵਾਲਾ ਕੋਈ ਨਹੀਂ ਹੋਵੇਗਾ।

ਸਤਿਗੁਰੂ ਉਨ੍ਹਾਂ ਪ੍ਰਾਣੀਆਂ ਦੇ ਹੀ ਸਹਾਈ ਹੁੰਦੇ ਹਨ, ਜਿਹੜੇ ਗੁਰ-ਹੁਕਮਾਂ ਤੇ ਚਲਦੇ ਹਨ। ਗੁਰੂ-ਹੁਕਮ ਤਾਂ ਇਉਂ ਹਨ–

(ੳ) ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥੧॥੯॥ (ਸੁਖਮਨੀ ਸਾਹਿਬ)
(ਅ) ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿਤ ਬਢੈਯਹੁ ॥
ਪਰ-ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨਾ ਜੈਯਹੁ ॥੫੧॥–ਪਾ: ੧੦
(ੲ) ਪਰ-ਧਨ ਪਰ-ਦਾਰਾ ਪਰ-ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ ॥


www.AKJ.Org

ਚਰਨ ਕਮਲ ਸੇਵੀ ਰਿਦ ਅੰਤਰਿ ਗੁਰ ਪੂਰੇ ਕੈ ਆਧਾਰਿ ॥੩॥ (੩੭੯)

(ਸ) ਦੇਖਿ ਪਰਾਈਆਂ ਚੰਗੀਆਂ, ਮਾਵਾਂ ਭੈਣਾਂ ਧੀਆਂ ਜਾਣੈ ॥੧੧॥ ਵਾਰ ੨੯, ਭਾ: ਗੁਰਦਾਸ ਜੀ

(ਹ) ਏਕਾ ਨਾਰੀ ਜਤੀ ਹੋਇ, ਪਰ-ਨਾਰੀ ਧੀ ਭੈਣ ਵਖਾਣੈ ॥੮॥ ਵਾਰ ੬

(ਕ) ਹਉ ਤਿਸੁ ਘੋਲਿ ਘੁਮਾਇਆ ਪਰ-ਨਾਰੀ ਦੇ ਨੇੜਿ ਨ ਜਾਵੈ ॥੪॥ ਵਾਰ ੧੨

(ਖ) ਤਜਿ ਕਾਮੁ ਕਾਮਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥

ਮਹਲਾ ੪, ਪੰਨਾ ੧੪੧

(ਗ) ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮ ਨਿਵਾਸਾ ॥

ਸੋਰਠਿ ਮ: ੯, ਪੰਨਾ ੬੩੪

ਅੰਤਲੇ ਦੋ ਪ੍ਰਮਾਣਾਂ ਵਿਚ ਸਤਿਗੁਰੂ ਜੀ ਫੁਰਮਾਂਦੇ ਹਨ ਕਿ ਉਹੋ ਜੀਵ ਮਾਇਆ ਵਿਚ ਵਿਚਰਦਿਆਂ ਹੋਇਆਂ ਨਿਰੰਜਨ ਵਾਹਿਗੁਰੂ ਨੂੰ ਪਾ ਸਕਦਾ ਹੈ ਅਤੇ ਉਸੇ ਦੇ ਹਿਰਦੇ ਵਿਚ ਬ੍ਰਹਮ ਦਾ ਵਾਸਾ ਹੋ ਸਕਦਾ ਹੈ, ਜਿਹੜਾ ਕਾਮ ਤੇ ਕਾਮਨੀ ਦੇ ਮੋਹ ਵਿਚ ਨਹੀਂ ਫਸਦਾ, ਜਿਹੜਾ ਇਨ੍ਹਾਂ ਤੋਂ ਬਚ ਕੇ ਰਹਿੰਦਾ ਹੈ।

ਕਾਮ-ਕਾਮਨੀ ਵਿਚ ਗ੍ਰਸਿਆ ਹੋਇਆ ਪ੍ਰਾਣੀ ਵਾਹਿਗੁਰੂ ਦੀ ਪ੍ਰਾਪਤੀ ਕਦਾਚਿਤ ਨਹੀਂ ਕਰ ਸਕਦਾ। ਉਸ ਵਾਸਤੇ ਤਾ ਲੋਕ ਪਰਲੋਕ ਵਿਚ ਧਕੇ ਹਨ। ਉਨ੍ਹਾਂ ਲਈ ਤਾਂ ਇਉਂ ਗੁਰਵਾਕ ਹਨ–

(ੳ) ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ-ਗ੍ਰਿਹੁ ॥੨॥

ਆਸਾ ਮ: ੫, ਪੰਨਾ ੪੦੩

(ਅ) ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥
ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥

ਆਸਾ ਮ: ੫, ਪੰਨਾ ੩੦੩

(ੲ) ਹੇ ਕਾਮੰ, ਨਰਕ ਬਿਸ੍ਰਾਮੰ, ਬਹੁ ਜੋਨੀ ਭ੍ਰਮਾਵਣਹ ॥
ਚਿਤ ਹਰਣੰ ਤ੍ਰੈਲੋਕ ਗੰਮ੍ਯ੍ਯੰ, ਜਪ ਤਪ ਸੀਲ ਬਿਦਾਰਣਹ ॥੪੬॥

ਸਲੋਕ ਸਹਸਕ੍ਰਿਤੀ ਮ: ੫, ਪੰਨਾ ੧੩੫੮

ਦਸਮ ਪਾਤਸ਼ਾਹ ਜੀ ਨੇ ਜਿਥੇ ਸਿੰਘਾਂ ਨੂੰ ਖ਼ਾਲਸਾ ਸਜਾਇਆ, ਅੰਮ੍ਰਿਤ ਦੀ ਦਾਤਿ ਬਖ਼ਸ਼ੀ, ਉਥੇ ਨਾਲ ਹੀ ਸਿੰਘਾਂ ਲਈ ਚਾਰ ਬਜਰ ਕੁਰਹਿਤਾਂ ਜੋ ਦਸੀਆਂ, ਉਨ੍ਹਾਂ ਵਿਚੋਂ ਇਕ ਇਹ ਪਰ-ਤ੍ਰਿਅ ਜਾਂ ਪਰ-ਮਰਦ ਦਾ ਸੰਗ ਹੈ। ਇਸ ਦੇ ਕਰਨ ਵਾਲਾ ਪਤਿਤ ਗਰਦਾਨਿਆ ਜਾਂਦਾ ਹੈ, ਉਹ ਸਿਖ ਨਹੀਂ ਰਹਿੰਦਾ, ਸਗੋਂ ਉਹ ਸਿਖੀ ਤੋਂ ਖ਼ਾਰਜ ਹੈ।

ਤਾਂ ਤੇ ਮਨ ਦੀਆਂ ਵਾਗਾਂ ਮੋੜੀਏ, ਵਿਸ਼ੇ ਵਿਕਾਰਾਂ ਤੋਂ ਬਚੀਏ ਅਤੇ ਗੁਰ-ਹੁਕਮਾਂ ਨੂੰ ਮਨ ਚਿਤ ਲਾ ਕੇ ਸ੍ਰਵਣ ਕਰੀਏ ਅਤੇ ਉਨ੍ਹਾਂ ਹੁਕਮਾਂ ਦੀ ਕਮਾਈ ਕਰੀਏ–

ਜਿਹ ਬਿਧਿ ਗੁਰਿ ਉਪਦੇਸਿਆ ਸੋ ਸੁਨੁ ਰੇ ਭਾਈ ॥
ਨਾਨਕ ਕਹਤ ਪੁਕਾਰਿ ਕੈ ਗਹੁ ਪ੍ਰਭ ਸਰਨਾਈ ॥੩॥੩॥

ਤਿਲੰਗ ਮ: ੯, ਪੰਨਾ ੭੨੭

ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥
ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥

ਗਉੜੀ ਮਾਲਵਾ ਮ: ੫, ਪੰਨਾ ੨੧੪



www.AKJ.Org

# ਸਿਖ ਕੌਮ ਦਾ ਸ਼ਾਨਦਾਰ ਵਿਰਸਾ ਅਤੇ ਅਰੁਨ ਸ਼ੋਰੀ

## ਤੀਜੀ ਆਖ਼ਰੀ ਕਿਸ਼ਤ

[ਸ: ਦੇਵਿੰਦਰ ਸਿੰਘ ਜੀ ਦੁਗਲ, ਇਨਚਾਰਜ, ਸਿਖ ਇਤਿਹਾਸ ਰੀਸਰਚ ਬੋਰਡ, ਸ਼੍ਰੋ: ਗੁ: ਪ੍ਰ: ਕਮੇਟੀ]

**ਨੋਟ**—ਅਰੁਨ ਸ਼ੋਰੀ ਨੇ ਇੰਡੀਅਨ ਐਕਸਪ੍ਰੈਸ ਵਿਚ ਸਿਖ ਕੌਮ 'ਤੇ ਅਯੋਗ ਅਤੇ ਅਣਹੋਏ ਦੂਸ਼ਣ ਲਾਏ, ਜਿਨ੍ਹਾਂ ਦਾ ਦੁਗਲ ਜੀ ਨੇ ਮੂੰਹ-ਤੋੜ ਉਤਰ ਦਿੰਦਿਆਂ ਦਸਿਆ ਕਿ ਭਾਰਤ ਦੀ ਅਜ਼ਾਦੀ ਵਿਚ ਸਭ ਤੋਂ ਵਧ ਕੁਰਬਾਨੀਆਂ ਸਿਖ ਕੌਮ ਨੇ ਹੀ ਦਿਤੀਆਂ। ਫਿਰ ਅਕੱਟ ਸਬੂਤਾਂ ਰਾਹੀਂ ਇਹ ਦਸਿਆ ਕਿ ਹਿੰਦੂ ਕਾਂਗਰਸੀ ਲੀਡਰ ਕਿਵੇਂ ਵਖ ਵਖ ਐਲਾਨਾਂ, ਇਕਰਾਰਾਂ ਅਤੇ ਕਸਮਾਂ ਦੁਆਰਾ ਸਿਖ ਕੌਮ ਨੂੰ ਝਾਂਸੇ ਦਿੰਦੇ ਰਹੇ, ਅਤੇ ਫਿਰ ਜੋ ਕੁਝ ਅਜ਼ਾਦ ਭਾਰਤ ਵਿਚ ਸਿਖਾਂ ਨਾਲ ਵਤੀਰਾ ਕੀਤਾ ਜਾ ਰਿਹਾ ਹੈ, ਉਹ ਵੀ ਸ਼ੀਸ਼ਾ ਸਾਹਮਣੇ ਰਖ ਦਿਤਾ ਹੈ।

ਹੁਣ ਇਸ ਤੀਜੀ ਕਿਸ਼ਤ ਵਿਚ ਅਰੁਣ ਸ਼ੋਰੀ ਵਲੋਂ ਈਰਖਾ-ਅਧੀਨ ਜੋ ਸ਼ਰਾਰਤੀ ਸਵਾਲ ਕੀਤੇ ਗਏ ਹਨ, ਉਨ੍ਹਾਂ ਦਾ ਉਤਰ ਦਿਤਾ ਗਿਆ ਹੈ। —ਸੰਪਾਦਕ 'ਸੂਰਾ'

ਇਹ ਕਹਾਣੀ ਇਤਨੀ ਲੰਬੀ ਹੈ ਕਿ ਇਸ ਨੂੰ ਕਿਸੇ ਅਖਬਾਰ ਦੇ ਕਾਲਮਾਂ ਵਿਚ ਪੂਰਾ ਨਹੀਂ ਕੀਤਾ ਜਾ ਸਕਦਾ। ਇਸ ਲਈ ਮੈਂ ਆਪਣੀ ਕਲਮ ਨੂੰ ਅਰੁਨ ਸ਼ੋਰੀ ਦੇ ਉਨ੍ਹਾਂ ਵਧੇਰੇ ਸ਼ਰਾਰਤੀ ਸਵਾਲਾਂ ਦੇ ਜਵਾਬ ਦੇਣ ਤਕ ਹੀ ਸੀਮਤ ਰੱਖਾਂਗਾ, ਜੋ ਉਸ ਦੀ ਅਗਿਆਨਤਾ ਦੀ ਨਹੀਂ, ਸਗੋਂ ਈਰਖਾ ਦੀ ਉਪਜ ਹਨ। ਦੋਹਾਂ ਹੀ ਹਾਲਤਾਂ ਵਿਚ ਇਹ ਨਾ ਤਾਂ ਉਸ ਲਈ ਅਤੇ ਨਾ ਹੀ ਸਮੁੱਚੇ ਦੇਸ਼ ਲਈ ਕਿਸੇ ਤਰ੍ਹਾਂ ਵੀ ਲਾਭਦਾਇਕ ਸਿੱਧ ਹੋ ਸਕਦੇ ਹਨ।

ਅਰੁਨ ਸ਼ੋਰੀ ਅਨੁਸਾਰ ਸਿੱਖਾਂ ਨੇ ੧੮੫੭ ਵਿਚ ਅੰਗਰੇਜ਼ਾਂ ਦਾ ਸਾਥ ਦੇ ਕੇ ਦੇਸ਼ ਦੀ ਕਥਿਤ ਪਹਿਲੀ ਆਜ਼ਾਦੀ ਦੀ ਲੜਾਈ ਵਿਚ ਦੇਸ਼-ਵਾਸੀਆਂ ਨਾਲ ਧਰੋਹ ਕਮਾਇਆ ਸੀ। ਰਾਜ ਸਤਾ ਇਤਨੀ ਸਰਵ ਸਮਰਥ ਹੈ ਕਿ ਉਹ ਸ਼ੈਤਾਨਾਂ ਨੂੰ ਸੰਤ ਅਤੇ ਸੰਤਾਂ ਨੂੰ ਸ਼ੈਤਾਨ ਬਣਾ ਸਕਦੀ ਹੈ। ਪ੍ਰੰਤੂ ਇਹ ਯਾਦ ਰਖਣਾ ਚਾਹੀਦਾ ਹੈ ਕਿ ਸੱਚ ਅੰਤ ਨੂੰ ਸੱਚ ਹੀ ਹੋ ਨਿਬੜਦਾ ਹੈ। ਮੈਂ ਬਹੁਤ ਵਿਸਥਾਰ ਵਿਚ ਨਾ ਪੈਂਦਾ ਹੋਇਆ ੧੮੫੭ ਦੇ ਵਿਦ੍ਰੋਹ ਬਾਰੇ ਪੰਡਤ ਜਵਾਹਰ ਲਾਲ ਨਹਿਰੂ ਦੀ ਜਾਣੀ ਪਹਿਚਾਣੀ ਪੁਸਤਕ 'ਡਿਸਕਵਰੀ ਆਫ਼ ਇੰਡੀਆ' ਦਾ ਹਵਾਲਾ ਦੇਣ ਤਕ ਹੀ ਸੀਮਤ ਰਹਾਂਗਾ। ਆਪਣੀ ਇਸ ਪੁਸਤਕ ਦੇ ਪੰਨਾ ੩੨੪-੩੨੫ ਤੇ ਹਿੰਦੁਸਤਾਨ ਦੇ ਪਹਿਲੇ ਪ੍ਰਧਾਨ ਮੰਤਰੀ ਕਹਿੰਦੇ ਹਨ ਕਿ :–

> "ਇਹ ਵਿਦਰੋਹ ਕੇਵਲ ਕੁਝ ਕੁ ਰਜਵਾੜਿਆਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੀ ਨਿਜੀ ਭੜਾਸ ਹੀ ਸੀ। ਨਕੰਮੇ ਅਤੇ ਅਨ-ਸੰਗਠਤ ਹੋਣ ਤੋਂ ਇਲਾਵਾ ਉਹ ਕਿਸੇ ਨਿਗਰ ਅਤੇ ਠੋਸ ਪ੍ਰੋਗਰਾਮ ਯਾ ਸਾਂਝੇ ਨਿਸ਼ਾਨੇ ਤੋਂ ਬਿਲਕੁਲ ਸਖਣੇ ਸਨ। ਉਹ ਇਤਿਹਾਸ ਵਿਚ ਆਪੋ ਆਪਣੀ ਭੂਮਿਕਾ ਨਿਭਾ ਚੁਕੇ ਸਨ ਅਤੇ ਭਵਿਖ ਵਿਚ ਉਨ੍ਹਾਂ ਲਈ, ਕੋਈ ਥਾਂ ਬਾਕੀ ਨਹੀਂ ਸੀ ਰਹਿ ਗਈ। ਉਨ੍ਹਾਂ ਵਿਚੋਂ ਵੀ ਕਈ ਆਪਣੀਆਂ ਅੰਤਰੀਵ ਭਾਵਨਾਵਾਂ ਦੇ ਬਾਵਜੂਦ ਲਾਂਭੇ ਬੈਠੇ ਮੌਕੇ ਦੀ ਤਾੜ ਵਿਚ ਸਨ ਕਿ ਅੰਤ ਵਿਚ ਜੇਤੂ ਦੀ ਝੋਲੀ ਵਿਚ ਜਾ ਡਿਗਣ। ਕਈ ਤਾਂ ਢਿਡੋਂ ਬੇਈਮਾਨ ਵੀ ਸਨ। ਅਤੇ ਉਹਨਾਂ ਵਿਚੋਂ ਬਹੁਤੇ ਤਾਂ ਇਸ ਡਰ ਨਾਲ ਸਹਿਮੇ ਬੈਠੇ ਹੋਏ ਸਨ ਕਿ ਕਿਤੇ ਉਨ੍ਹਾਂ ਦੇ ਰਹਿੰਦੇ ਖੂੰਹਦੇ ਇਖ਼ਤਿਆਰ ਵੀ ਖੁਸ ਨਾ ਜਾਣ। ਕੌਮੀ ਜਜ਼ਬੇ ਨਾਂ ਦੀ ਕੋਈ ਵੀ ਭਾਵਨਾ ਉਨ੍ਹਾਂ ਦੇ ਹਿਰਦੇ ਅੰਦਰ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਦੇ ਸਾਹਮਣੇ ਕੋਈ ਸਾਂਝਾ ਪ੍ਰੋਗਰਾਮ ਸੀ। ਕੁਝ ਕੁ ਰਜਵਾੜਿਆਂ ਦੇ ਹਿਰਦੇ ਵਿਚ ਬਦੇਸ਼ੀ ਹਾਕਮਾਂ ਵਿਰੁਧ



www.AKJ.Org

ਈਰਖਾ ਦੀ ਭਾਵਨਾ ਨੂੰ ਆਜ਼ਾਦੀ ਦੀ ਲੜਾਈ ਨਹੀਂ ਕਿਹਾ ਜਾ ਸਕਦਾ।"

ਉਪਰੋਕਤ ਵਿਚਾਰਾਂ ਦੀ ਰੌਸ਼ਨੀ ਵਿਚ ਇਸ 'ਚਾਹ ਦੇ ਪਿਆਲੇ ਵਿਚ ਉਬਾਲ' ਨੂੰ ਆਜ਼ਾਦੀ ਦੀ ਪਹਿਲੀ ਲੜਾਈ ਕਹਿਣ ਵਾਲਾ ਕੋਈ ਬੇਸਮਝ ਹੀ ਹੋ ਸਕਦਾ ਹੈ। ਜਿਥੋਂ ਤਕ ਉਸ ਸਮੇਂ ਦੇ ਸਿੱਖਾਂ ਦਾ ਸੰਬੰਧ ਹੈ ਉਹ ਇਤਨੇ ਮੂਰਖ ਨਹੀਂ ਸਨ ਕਿ ਉਸ ਮੁਗਲ ਸਾਮਰਾਜ ਨੂੰ ਮੁੜ ਸੁਰਜੀਤ ਕਰਨ ਵਿਚ ਮਦਦ ਕਰਦੇ, ਜੋ ਇਕ ਲੰਮੇ ਸਮੇਂ ਤਕ ਉਹਨਾਂ ਦਾ ਖੁਰਾ ਖੋਜ ਮਿਟਾਣ ਦੇ ਯਤਨ ਕਰਦਾ ਰਿਹਾ ਸੀ।

ਇਸ ਸੰਬੰਧ ਵਿਚ ਹੁਣ ਸਾਡੀਆਂ ਭਾਵਨਾਵਾਂ ਅਤੇ ਕਾਮਨਾਵਾ ਭਾਵੇਂ ਕੁਝ ਵੀ ਹੋਣ, ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਰਤੀ ਉਪ-ਮਹਾਂਦੀਪ ਵਿਚ ਵਸਣ ਵਾਲੇ ਕਦੇ ਵੀ ਇਕ ਕੌਮ ਦੇ ਬੰਧਨਾਂ ਵਿਚ ਬੰਧੇ ਨਹੀਂ ਸਨ ਜਾ ਸਕੇ। ੧੮੫੭ ਵੇਲੇ ਤਾਂ ਇਕ ਪਾਸੇ ਰਿਹਾ, ਭਾਰਤ ਨਿਵਾਸੀ ਤਾਂ ਅਜੇ ਤਕ ਵੀ ਇਕ ਕੌਮ ਦੇ ਤਕਾਜ਼ਿਆਂ ਨੂੰ ਪੂਰਾ ਨਹੀਂ ਕਰ ਸਕੇ। ਇਸੇ ਲਈ ਤਾਂ ਨਿਰਾਧ ਚੌਧਰੀ ਕਹਿੰਦੇ ਹਨ ਕਿ 'ਮੇਰੇ ਵਿਚਾਰ ਵਿਚ ਭਾਰਤ ਨਿਵਾਸੀਆਂ ਨੂੰ ਇਕ ਕੌਮ ਕਹਿਣਾ ਗ਼ਲਤ ਹੋਵੇਗਾ।'

ਸ੍ਰੀ ਸ਼ੋਰੀ ਅਨੁਸਾਰ ਸਿੱਖ, ਹਿੰਦੂ ਮਤ ਤੋਂ ਅੱਡ ਇਕ ਵਿਲੱਖਣ ਅਤੇ ਸੁਤੰਤਰ ਮੱਤ ਦੇ ਮਾਲਕ ਨਹੀਂ ਹਨ। ਉਹਦੇ ਕਹਿਣ ਮੁਤਾਬਕ ਕੇਵਲ ਅੰਗਰੇਜ਼ਾਂ ਨੇ ਹੀ ਪਹਿਲੇ ਪਹਿਲ ਸਿੱਖਾਂ ਨੂੰ ਹਿੰਦੂਆਂ ਨਾਲੋਂ ਪਾੜਿਆ ਅਤੇ ਸਿੱਖ ਇਸ ਉਦੇਸ਼ ਲਈ ਉਨ੍ਹਾਂ ਦਾ ਹੱਥ-ਠੋਕਾ ਬਣੇ ਰਹੇ। ਇਸ ਬੇਤੁਕੀ ਗੱਲ ਨੂੰ ਸਿਧ ਕਰਨ ਲਈ ਸ਼ੋਰੀ ਨੇ ਤਿਨਕਿਆਂ ਦਾ ਸਹਾਰਾ ਲਿਆ ਹੈ। ਮਿਸਾਲ ਵਜੋਂ ਉਹ ਮਹਾਰਾਜਾ ਰਣਜੀਤ ਸਿੰਘ ਦੀ ਹਿੰਦੂਆਂ ਪ੍ਰਤੀ ਸਦਭਾਵਨਾ ਨੂੰ ਇਸ ਦਾ ਆਧਾਰ ਬਣਾ ਲੈਂਦਾ ਹੈ। ਉਹ ਤਾਂ ਇਹੋ ਜਹੀ ਬੜ ਵੀ ਮਾਰਨ ਲਗ ਜਾਂਦਾ ਹੈ ਕਿ ਭਾਈ ਮਤੀ ਦਾਸ ਅਤੇ ਬਾਬਾ ਬੰਦਾ ਸਿੰਘ ਬਹਾਦਰ ਵੀ ਹਿੰਦੂ ਹੀ ਸਨ। ਉਂਜ ਤਾਂ ਇਹੋ ਜਿਹੀਆਂ ਬੇਥਵੀਆਂ ਅਤੇ ਬੇਹੂਦਾ ਗੱਲਾਂ ਨੂੰ ਇਕ ਬੇਸਮਝ ਆਦਮੀ ਦੇ ਝਲਿਯਤ ਦਾ ਪ੍ਰਤੀਕ ਸਮਝ ਕੇ ਅਣਗੌਲਿਆ ਕਰਨਾ ਬਣਦਾ ਹੈ, ਪ੍ਰੰਤੂ, ਕਿਉਂਕਿ ਇਹ ਸਿੱਖ ਮਤ ਨੂੰ ਬੋਧੀਆਂ ਅਤੇ ਜੈਨੀਆਂ ਵਾਂਗ ਹੜੱਪ ਕਰਨ ਦੇ ਉਦੇਸ਼ ਹਿਤ ਇਕ ਸੋਚੇ ਸਮਝੇ, ਸ਼ੜੀਯੰਤ੍ਰ ਦਾ ਹਿੱਸਾ ਹੈ, ਇਸ ਲਈ ਇਸ ਨੂੰ ਅਣਡਿਠਾ ਵੀ ਕੀਤਾ ਨਹੀਂ ਜਾ ਸਕਦਾ। ਸਿੱਖ ਕੌਮ ਅਜਿਹੀਆਂ ਕੋਸ਼ਿਸ਼ਾਂ ਤੋਂ ਪੂਰੀ ਤਰ੍ਹਾਂ ਸੁਚੇਤ ਹੈ ਅਤੇ ਆਜ਼ਾਦ ਭਾਰਤ ਵਿਚ ਉਸ ਦੀਆਂ ਹੋਰ ਕਈ ਰੰਜਸ਼ਾਂ ਵਿਚੋਂ ਇਹ ਵੀ ਇਕ ਵਡੀ ਰੰਜਸ਼ ਦਾ ਕਾਰਨ ਹੈ। ਦਰ ਅਸਲ ਇਹ ਕੋਸ਼ਿਸ਼ ਇਕ ਬਹੁਤ ਪੁਰਾਣੇ ਸ਼ੜੀਯੰਤ੍ਰ ਦੀ ਹੀ ਕੜੀ ਹੈ, ਜੋ ੧੯੪੭ ਤੋਂ ਬਾਅਦ ਹੋਰ ਵੀ ਖੁਲ੍ਹ ਕੇ ਸਾਹਮਣੇ ਆਇਆ ਹੈ। ਮਿਸਟਰ ਡੀ ਪੈਟਰੀ, ਜੋ ਅੰਗਰੇਜ਼ੀ ਰਾਜ ਕਾਲ ਸਮੇਂ ਖ਼ੁਫੀਆ ਵਿਭਾਗ ਦੇ ਮੁਖੀ ਸਨ, ਆਪਣੀ ਰੀਪੋਰਟ ਮਿਤੀ ੧੧ ਅਗਸਤ ੧੯੦੧ (ਨੈਸ਼ਨਲ ਆਰਕਾਈਵਜ਼) ਨਵੀਂ ਦਿਲੀ ਵਿਚ ਲਿਖਦੇ ਹਨ—

> "ਹਿੰਦੂ ਮੱਤ ਦੇ ਅਨੁਆਈ ਹਮੇਸ਼ਾ ਤੋਂ ਹੀ ਸਿੱਖ ਮੱਤ ਨੂੰ ਕੈਰੀਆਂ ਅੱਖਾਂ ਨਾਲ ਦੇਖਦੇ ਆਏ ਹਨ ਕਿਉਂਕਿ ਇਸ ਦੇ ਗੁਰੂ ਸਾਹਿਬਾਨ ਨੇ ਪੂਰਨ ਸਫਲਤਾ ਸਹਿਤ ਬ੍ਰਾਹਮਣਵਾਦ ਤੇ ਆਧਾਰਤ ਛੂਤ ਛਾਤ ਦਾ ਭਰਪੂਰ ਵਿਰੋਧ ਕੀਤਾ ਸੀ। ਇਸ ਕਾਰਨ ਹਿੰਦੂਆਂ ਦੀ ਹਮੇਸ਼ਾਂ ਤੋਂ ਹੀ ਇਹ ਕੋਸ਼ਿਸ਼ ਰਹੀ ਹੈ ਕਿ ਸਿੱਖ ਸਰਦਾਰਾਂ ਦੇ ਬੱਚਿਆਂ ਨੂੰ ਖੰਡੇ ਦੀ ਪਾਹੁਲ ਪਾਨ ਕਰਨ ਤੋਂ ਰੋਕਿਆ ਜਾਵੇ ਅਤੇ ਵਧ ਤੋਂ ਵਧ ਸਿੱਖਾਂ ਨੂੰ ਆਪਣੇ ਮਜ਼ਹਬੀ ਅਕੀਦੇ ਤੋਂ ਤੋੜਿਆ ਜਾਵੇ। ਹਿੰਦੂ ਮਤ ਸ਼ਕਤੀਸ਼ਾਲੀ ਬੁਧ ਮਤ ਨੂੰ ਤਾਂ ਪਹਿਲੇ ਹੀ ਨਿਗਲ ਚੁਕਾ ਹੈ ਅਤੇ ਹੁਣ ਇਸ ਨੇ ਸਿੱਖ ਮਤ ਦੀਆਂ ਸਫਾਂ ਵਿਚ ਵੀ ਕਈ ਥਾਈਂ ਦਰਾੜਾਂ ਪਾ ਦਿਤੀਆਂ ਹਨ।"

ਜੇ ਸ੍ਰੀ ਸ਼ੋਰੀ ਦੇ ਦਿਲ ਵਿਚ ਸਿੱਖ ਮੱਤ ਦੀ ਸੁਤੰਤਰ ਹੈਸੀਅਤ ਬਾਰੇ ਕੋਈ ਸੱਚਾ ਸ਼ਕ-ਸ਼ੁਭ੍ਹਾ ਹੈ ਤਾਂ ਉਸ ਦਾ ਧਿਆਨ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇਹਨਾਂ ਮਹਾਂ ਵਾਕਾਂ ਵਲ ਦਿਵਾਇਆ ਜਾਂਦਾ ਹੈ, ਜਿਨ੍ਹਾਂ ਦੁਆਰਾ ਆਪ 'ਭੈਰੋ ਰਾਗ' ਵਿਚ ਫੁਰਮਾਂਦੇ ਹਨ—



www.AKJ.Org

'ਨਾ ਹਮ ਹਿੰਦੂ, ਨਾ ਮੁਸਲਮਾਨ ॥' (ਪੰਨਾ ੧੧੩੬)

ਸਿੱਖ ਕੌਮ ਦੀਆਂ ਧਾਰਮਕ ਪੁਸਤਕਾਂ ਵਿਚ ਵੀ ਇਹੋ ਜਿਹੇ ਹਵਾਲੇ ਕਈ ਥਾਈਂ ਮਿਲਦੇ ਹਨ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਇਥੋਂ ਤਕ ਕਹਿ ਦਿਤਾ ਹੋਇਆ ਹੈ ਕਿ–

ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਉ ਮੈ ਸਾਰਾ ॥
ਜਬ ਯਹ ਗਹੇ ਬਿਪਰਨ ਕੀ ਰੀਤ ॥ ਮੈ ਨਾ ਕਰੋਂ ਇਸ ਕੀ ਪ੍ਰਤੀਤ ॥

ਜੇ ਉਸ ਦੇ ਮਨ ਵਿਚ ਅਜੇ ਵੀ ਕੋਈ ਸ਼ੰਕਾ ਬਾਕੀ ਰਹਿ ਜਾਂਦੀ ਹੈ ਤਾਂ ਉਸ ਦਾ ਧਿਆਨ 'ਦਬਿਸਤਾਨ' ਦੇ ਲੇਖਕ ਮੋਹਸਨ ਫ਼ਾਨੀ ਵਲ ਦਿਵਾਇਆ ਜਾਂਦਾ ਹੈ, ਜੋ ਛੇਵੇਂ ਅਤੇ ਸਤਵੇਂ ਪਾਤਸ਼ਾਹ ਦਾ ਸਮਕਾਲੀ ਸੀ। ਸਿੱਖਾਂ ਬਾਰੇ ਉਹ ਕਹਿੰਦਾ ਹੈ :–

"ਗੁਰੂ ਨਾਨਕ ਦੇਵ ਜੀ ਦੇ ਸਿੱਖ ਹਰ ਗੁਰੂ ਸਾਹਿਬ ਨੂੰ ਗੁਰੂ ਨਾਨਕ ਦੇਵ ਜੀ ਦਾ ਹੀ ਰੂਪ ਸਮਝਦੇ ਹਨ ਅਤੇ ਮੂਰਤੀ ਪੂਜਾ ਦੇ ਸਖਤ ਵਿਰੋਧੀ ਹਨ। ਨਾ ਤਾਂ ਉਹ ਹਿੰਦੂ ਅਵਤਾਰਾਂ ਵਿਚ ਯਕੀਨ ਰਖਦੇ ਹਨ ਅਤੇ ਨਾ ਹੀ ਉਹ ਸੰਸਕ੍ਰਿਤ ਜ਼ਬਾਨ ਨੂੰ ਪੜ੍ਹਦੇ ਹਨ, ਜੋ ਹਿੰਦੂਆਂ ਵਲੋਂ ਦੇਵਤਿਆਂ ਦੀ ਜ਼ਬਾਨ ਮੰਨੀ ਜਾਂਦੀ ਹੈ।

ਸਿੱਖ ਮੱਤ ਦੇ ਅਨੁਆਈਆਂ ਦਾ ਹਿੰਦੂ ਸ਼ਾਸਤਰਾਂ ਵਲੋਂ ਪਰਮਾਣਤ ਕਰਮ ਕਾਂਡਾਂ ਅਤੇ ਰਸਮਾਂ ਰਿਵਾਜਾਂ ਵਿਚ ਰਤਾ ਜਿੰਨਾ ਵੀ ਵਿਸ਼ਵਾਸ ਨਹੀਂ ਅਤੇ ਨਾ ਹੀ ਉਹ ਖਾਣ ਪੀਣ ਸੰਬੰਧੀ ਫੋਕੀਆਂ ਪਾਬੰਦੀਆਂ ਨੂੰ ਮੰਨਦੇ ਹਨ।

ਇਸੇ ਹੀ ਸੰਬੰਧ ਵਿਚ ਖੁਲਾਸੁਤੁਲ ਤਵਾਰੀਖ ਦਾ ਕਰਤਾ ਆਪਣੀ ੧੬੯੭ ਵਿਚ ਲਿਖੀ ਪੁਸਤਕ ਵਿਚ ਲਿਖਦਾ ਹੈ–

"ਸੰਗੀਤ ਦੇ ਸਾਜ਼ਾਂ ਦੀਆਂ ਮਧੁਰ ਸੁਰਾਂ ਦੇ ਨਾਲ ਆਪਣੇ ਗੁਰੂ ਸਾਹਿਬਾਨ ਦੀ ਗੁਰਬਾਣੀ ਦੇ ਸ਼ਬਦ ਦਾ ਕੀਰਤਨ ਹੀ ਸਿੱਖ ਮੱਤ ਦੇ ਅਨੁਆਈਆਂ ਦੀ ਪੂਜਾ ਦਾ ਇਕੋ ਇਕ ਤਰੀਕਾ ਹੈ।"

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤਾਂ ਸਾਫ਼ ਅਤੇ ਸਪਸ਼ਟ ਆਦੇਸ਼ ਹਨ ਕਿ ਬਾਕੀ ਸਭ ਕੌਮਾਂ ਨਾਲ ਮੇਲ ਮਿਲਾਪ ਅਤੇ ਸਦ-ਭਾਵਨਾ ਦੇ ਬਾਵਜੂਦ ਸਿੰਘ ਆਪਣੇ ਕਰਤਵ ਅਤੇ ਆਪਣੇ ਉਦੇਸ਼ਾਂ ਨੂੰ ਬਾਕੀ ਚਹੌਂ ਵਰਨਾਂ ਨਾਲੋਂ ਨਿਆਰੇ ਰਖਣ– (ਸੂਰਜ ਪ੍ਰਕਾਸ਼, ਰੁਤ ੩, ਅਧਿਆਇ ੫੦)

ਮਹਾਰਾਜਾ ਰਣਜੀਤ ਸਿੰਘ ਜਿਥੇ ਹਿੰਦੂਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਸਨ, ਉਥੇ ਉਹ ਮੁਸਲਮਾਨਾ ਦੀਆਂ ਰਵਾਇਤਾਂ ਨੂੰ ਵੀ ਇੱਜ਼ਤ ਅਤੇ ਮਾਣ ਦੀ ਨਜ਼ਰ ਨਾਲ ਵੇਖਦੇ ਸਨ, ਪ੍ਰੰਤੂ ਇਸ ਦਾ ਮਤਲਬ ਇਹ ਤਾਂ ਨਹੀਂ ਕਿ ਉਹਨਾਂ ਨੇ ਆਪਣਾ ਸਿੱਖੀ ਸਿਦਕ ਤਿਆਗ ਦਿੱਤਾ ਸੀ, ਸਗੋਂ ਉਹ ਤਾਂ ਇਕ ਦ੍ਰਿੜ੍ਹ ਵਿਸ਼ਵਾਸੀ ਸਿੱਖ ਸਨ, ਜੋ ਆਪਣਾ ਨਿੱਤ ਦਾ ਕਾਰ-ਵਿਹਾਰ ਗੁਰੂ ਗ੍ਰੰਥ ਸਾਹਿਬ ਦਾ ਪਵਿੱਤਰ ਹੁਕਮ ਸੁਣਨ ਉਪਰੰਤ ਹੀ ਸ਼ੁਰੂ ਕਰਦੇ ਸਨ। ਉਨ੍ਹਾਂ ਨੇ ਸਿੱਕਾ ਵੀ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਦਾ ਹੀ ਚਲਾਇਆ ਸੀ ਅਤੇ ਕਿਸੇ ਵੀ ਹੋਰ ਤਾਕਤ ਯਾ ਮੁਲਕ ਨਾਲ ਸੰਧੀ ਵਿਚ ਉਹਨਾਂ ਦੀ ਸਰਕਾਰ ਨੂੰ 'ਸਰਕਾਰ ਖਾਲਸਾ' ਲਿਖਿਆ ਹੋਇਆ ਹੈ। ਸ੍ਰੀ ਜਵਾਹਰ ਲਾਲ ਨਹਿਰੂ ਵੀ ਉਹਨਾਂ ਦੇ ਰਾਜ ਨੂੰ 'ਸਿੱਖ ਰਾਜ' ਮੰਨਦੇ ਹਨ। (ਡਿਸਕਵਰੀ ਆਫ਼ ਇੰਡੀਆ, ਪੰਨਾ ੩੨੪)

ਸਾਰੀਆਂ ਕੌਮਾਂ ਅਤੇ ਸਾਰੇ ਮਜ਼ਹਬਾਂ ਦਾ ਸਤਿਕਾਰ ਤਾਂ ਸਿੱਖ ਮੱਤ ਦਾ ਮੂਲ ਸਿਧਾਂਤ ਹੈ। ਇਸ ਸੰਬੰਧ ਵਿਚ ਯਾਦ ਰੱਖਣ ਦੀ ਜ਼ਰੂਰਤ ਹੈ ਕਿ ਹਰਿਮੰਦਰ ਸਾਹਿਬ ਦੀ ਨੀਂਹ ਵੀ ਇਕ ਮੁਸਲਮਾਨ ਫ਼ਕੀਰ, ਮੀਆਂ ਮੀਰ ਨੇ ਹੀ ਰੱਖੀ ਸੀ ਅਤੇ ਕਈ ਸਿੱਖ ਗੁਰੂ ਸਾਹਿਬਾਨ ਨੇ ਤਾਂ ਕਈ ਥਾਈਂ ਮੁਸਲਮਾਨਾਂ ਦੀ ਸਹੂਲਤ ਵਾਸਤੇ ਮਸਜਦਾਂ ਵੀ ਬਣਵਾਈਆਂ ਸਨ। ਜਿਸ ਭਾਈ ਮਤੀ ਦਾਸ ਜੀ ਨੂੰ ਸ੍ਰੀ ਸ਼ੋਰੀ ਇਕ ਹਿੰਦੂ ਵਜੋਂ ਪੇਸ਼ ਕਰਦਾ ਹੈ, ਉਹ ਤਾਂ ਗੁਰੂ ਤੇਗ ਬਹਾਦਰ ਜੀ ਦੇ 'ਦੀਵਾਨ' ਸਨ ਅਤੇ ਬਾਅਦ ਵਿਚ ਉਹਨਾਂ ਦੇ ਹੀ ਭਤੀਜੇ ਗੁਰਬਖਸ਼ ਸਿੰਘ


www.AKJ.Org

ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਕਈ ਲੜਾਈਆਂ ਵਿਚ ਮਹੱਤਵ-ਪੂਰਨ ਹਿੱਸਾ ਪਾਇਆ ਸੀ । ਕੁਝ ਕੁ ਅਨਸਰਾਂ ਵਲੋਂ ਦਿੱਲੀ ਵਿਖੇ ਉਹਨਾਂ ਦਾ 'ਬੁੱਤ' ਲਾਉਣ ਦੀ, ਸਿੰਘਾਂ ਵਲੋਂ ਵਿਰੋਧਤਾ ਦਾ ਮੂਲ ਕਾਰਨ ਸਿੱਖ ਸਿਧਾਂਤ ਹਨ, ਜੋ ਮੂਰਤੀ-ਪੂਜਾ ਦੀ ਇਜਾਜ਼ਤ ਨਹੀਂ ਦੇਂਦੇ । ਪਰੰਤੂ ਕੀ ਇਹ ਪੁਛਿਆ ਜਾ ਸਕਦਾ ਹੈ ਕਿ ਤਕਰੀਬਨ ਦੋ ਸੌ ਸਾਲਾਂ ਬਾਅਦ ਹੁਣ ਪਹਿਲੀ ਵਾਰੀ ਹਿੰਦੂਆਂ ਦੇ ਹਿਰਦਿਆਂ ਵਿਚ ਉਨ੍ਹਾਂ ਪ੍ਰਤੀ ਨਵਾਂ ਨਵਾਂ ਪਿਆਰ ਕਿਉਂ ਜਾਗ ਪਿਆ ਹੈ ? ਇਸ ਦਾ ਸਾਫ਼ ਅਤੇ ਸਪੱਸ਼ਟ ਉਦੇਸ਼ ਸਿੱਖ ਸਿਧਾਂਤਾਂ, ਸਿੱਖ ਰਵਾਇਤਾਂ ਅਤੇ ਸਿੱਖ ਇਤਿਹਾਸ ਨੂੰ ਧੁੰਧਲਾਉਣਾ ਅਤੇ ਉਸ ਦਾ ਮੂੰਹ-ਮੁਹਾਂਦਰਾ ਵਿਗਾੜਨਾ ਹੈ । ਇਸੇ ਉਦੇਸ਼ ਹਿੱਤ ਬੰਦਾ ਸਿੰਘ ਬਹਾਦਰ ਨੂੰ ਵੀ 'ਵੀਰ ਵੈਰਾਗੀ' ਕਹਿ ਕੇ ਉਸ ਨੂੰ ਇਕ ਹਿੰਦੂ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਹਾਲਾਂਕਿ ਇਹ ਇਕ ਪੱਕੀ ਇਤਿਹਾਸਕ ਸਚਿਆਈ ਹੈ ਕਿ ਬੰਦਾ ਸਿੰਘ ਬਹਾਦਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਰ-ਕਮਲਾਂ ਤੋਂ ਅੰਮ੍ਰਿਤ ਪਾਨ ਕਰ ਕੇ ਸਿੰਘ ਸਜ ਗਿਆ ਸੀ ਜਿਸ ਨੇ ਸਾਰੀਆਂ ਲੜਾਈਆਂ ਇਕ ਸਿੱਖ ਨੇਤਾ ਵਜੋਂ ਅਤੇ ਸਿੱਖੀ ਦੀ ਚੜ੍ਹਦੀ ਕਲਾ ਲਈ ਲੜੀਆਂ ਸਨ । ਸ੍ਰੀ ਸ਼ੌਰੀ ਨੂੰ ਪਤਾ ਹੋਣਾ ਚਾਹੀਦੀ ਹੈ ਕਿ ਉਸ ਦੀ ਸਰਕਾਰੀ ਮੋਹਰ ਅਤੇ ਉਸ ਵਲੋਂ ਜਾਰੀ ਕੀਤੇ ਸਿੱਕੇ ਵੀ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਨਾਂ ਤੇ ਹਨ, ਨਾ ਕਿਸੇ ਹਿੰਦੂ ਦੇਵੀ ਯਾ ਦੇਵਤਾ ਦੇ ਨਾਂ ਤੇ । ਉਸ ਦੀ ਸ਼ਹੀਦੀ ਦਾ ਮੂਲ ਕਾਰਨ ਉਸ ਦਾ ਸਿੱਖੀ ਸਰੂਪ ਅਤੇ ਸਿੱਖੀ ਕਿਰਦਾਰ ਹੀ ਸੀ ।

ਕੋਈ ਵੀ ਕੌਮ ਮਾਂਗਵੀਂ ਸ਼ਕਤੀ ਯਾ ਨਕਲੀ ਸਿਧਾਂਤਾਂ ਤੇ ਜ਼ਿੰਦਾ ਨਹੀਂ ਰਹਿ ਸਕਦੀ; ਪਰੰਤੂ, ਸ਼ੌਰੀ ਵਰਗੇ ਸੱਜਣ ਅੱਜ ਇਹੋ ਕੁਝ ਹੀ ਕਰ ਰਹੇ ਹਨ । ਜੇ ਸਿੱਖ ਕੌਮ ਨੇ ਮਹਾਰਾਜਾ ਰਣਜੀਤ ਸਿੰਘ ਵਰਗਾ ਸ਼ੇਰੇ ਪੰਜਾਬ ਪੈਦਾ ਕੀਤਾ ਹੈ ਤਾਂ ਹੁਣ ਇਹ ਇਕ ਪਾਸੇ ਤਾਂ ਉਸੇ ਦਾ ਸਰੂਪ ਵਿਗਾੜ ਕੇ ਉਸ ਨੂੰ ਆਪਣੀਆਂ ਸਫਾਂ ਵਿਚ ਲੈ ਆਉਣਾ ਚਾਹੁੰਦੇ ਹਨ ਅਤੇ ਦੂਜੇ ਪਾਸੇ ਆਪਣੇ ਵਿਚੋਂ ਹੀ ਕਈ ਤਰ੍ਹਾਂ ਦੇ ਕਾਗਜ਼ੀ ਸ਼ੇਰ ਬਣਾ ਰਹੇ ਹਨ । ਜੇ ਸਿੱਖ ਆਪਣੀਆਂ ਰਵਾਇਤਾਂ ਅਨੁਸਾਰ ਧਾਰਮਿਕ ਜਲੂਸ ਕੱਢਦੇ ਹਨ ਤਾਂ ਹੁਣ ਇਨ੍ਹਾਂ ਨੂੰ ਵੀ ਅਜਿਹਾ ਕਰਨ ਦਾ ਚਾਅ ਚੜ੍ਹ ਆਇਆ ਹੈ, ਅਤੇ ਜੇ ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਪਾਲਕੀ ਵਿਚ ਰੱਖਦੇ ਹਨ, ਤਾਂ ਇਨ੍ਹਾਂ ਨੇ ਵੀ ਪਾਲਕੀਆਂ ਬਣਵਾਣੀਆਂ ਸ਼ੁਰੂ ਕਰ ਦਿੱਤੀਆਂ ਹਨ, ਹਾਲਾਂਕਿ ਇਹਨਾਂ ਰਵਾਇਤਾਂ ਦੀ ਉਹਨਾਂ ਦੇ ਆਪਣੇ ਹੀ ਸਿਧਾਂਤਾਂ ਨਾਲ ਰਤਾ ਜਿੰਨੀ ਵੀ ਸਾਂਝ ਨਹੀਂ ।

ਪਰੰਤੂ ਇਹਨਾਂ ਦਾ ਮੂਲ ਉਦੇਸ਼ ਤਾਂ ਸਿੱਖੀ ਨੂੰ ਢਾਹ ਲਾਉਣਾ ਹੈ । ਇਸੇ ਕਾਰਨ ਸਿੰਘਾਂ ਵਲੋਂ 'ਪੰਥ ਨੂੰ ਖ਼ਤਰੇ' ਦੀ ਜੋ ਆਵਾਜ਼ ਉਠਾਈ ਜਾਂਦੀ ਹੈ, ਉਸ ਦਾ ਆਧਾਰ ਨਾ ਤਾਂ ਇਹਨਾਂ ਦੀ ਅਗਿਆਨਤਾ ਹੈ ਅਤੇ ਨਾ ਹੀ ਸਵਾਰਥ । ਸਿੱਖੀ ਦੇ ਜਨਮ ਤੋਂ ਹੀ ਬ੍ਰਾਹਮਣਵਾਦ ਦੇ ਅਨੁਆਈਆਂ ਨੇ ਸਮਕਾਲੀ ਹਾਕਮਾਂ ਨਾਲ ਮਿਲੀ ਭੁਗਤ ਕਰ ਕੇ ਇਸ ਨੂੰ ਖ਼ਤਮ ਕਰਨ ਦੀਆਂ ਗੋਂਦਾਂ ਗੁੰਦਣੀਆਂ ਸ਼ੁਰੂ ਕਰ ਦਿੱਤੀਆਂ ਸਨ । ਇਸੇ ਕਾਰਨ ਹੀ ਦਸਮ ਪਾਤਸ਼ਾਹ ਨੂੰ ਵੀ ਅਧਿਕ ਤਰ ਲੜਾਈਆਂ ਹਿੰਦੂ ਪਹਾੜੀ ਰਾਜਿਆਂ ਵਿਰੁਧ ਹੀ ਲੜਨੀਆਂ ਪਈਆਂ ਸਨ । ਸਿੰਘਾਂ ਦੇ ਮੁਗ਼ਲਾਂ ਅਤੇ ਅਫਗਾਨਾਂ ਵਿਰੁਧ ਸੰਘਰਸ਼ ਦਾ ਮੂਲ ਕਾਰਨ ਵੀ ਉਨ੍ਹਾਂ ਦਾ ਸਿੱਖ ਕੌਮ ਪ੍ਰਤੀ ਆਕ੍ਰਮਣਕਾਰੀ ਰਵੱਈਆ ਹੀ ਸੀ । ਅੰਗਰੇਜ਼ਾਂ ਵਲੋਂ ਮਹੰਤਾਂ ਦੀ ਪੁਸ਼ਤ-ਪਨਾਹੀ ਦਾ ਉਦੇਸ਼ ਵੀ ਸਿੱਖ ਗੁਰਦਵਾਰਿਆਂ ਤੇ ਕਬਜ਼ੇ ਦੁਆਰਾ ਸਿੱਖ ਪੰਥ ਨੂੰ ਦੁਰਬਲ ਬਨਾਉਣਾ ਹੀ ਸੀ । ਹੁਣ ਵੀ ਸਿੱਖ ਸਿਧਾਂਤਾਂ ਨੂੰ ਵਿਗਾੜਨ ਦੇ ਯਤਨਾਂ ਦਾ ਮੁਖ ਉਦੇਸ਼ ਵੀ ਸਿੱਖੀ ਸਰੂਪ ਨੂੰ ਸਮੇਟਣਾ ਹੀ ਹੈ ।

ਸ਼ੌਰੀ ਨੇ ਆਪਣੇ ਲੇਖਾਂ ਵਿਚ ਸਿੱਖ ਰਵਾਇਤਾਂ ਅਤੇ ਸਿੱਖ ਸਿਧਾਂਤਾਂ ਦਾ ਮਜ਼ਾਕ ਉਡਾਣ ਦੀ ਜੋ ਕੋਝੀ ਕੋਸ਼ਿਸ਼ ਕੀਤੀ ਹੈ, ਉਹ ਵੀ ਇਸੇ ਹੀ ਸਿਲਸਿਲੇ ਦੀ ਇਕ ਕੜੀ ਹੈ । ਪਰੰਤੂ, ਉਸ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਿੱਖ ਅਜੇ ਵੀ ਇਕ ਜੀਉਂਦੀ ਜਾਗਦੀ ਕੌਮ ਹੈ, ਜੋ ਅਜੇ ਵੀ ਆਪਣੇ ਅਮੀਰ ਵਿਰਸੇ ਦੀ ਰਾਖੀ ਲਈ ਤਤਪਰ ਹੋ ਜਾਂਦੀ ਹੈ । ਸਾਡੇ ਵਿਚ ਭਾਵੇਂ ਕਿਤਨੀਆਂ ਵੀ ਕਮਜ਼ੋਰੀਆਂ ਕਿਉਂ ਨਾ ਆ ਗਈਆਂ ਹੋਣ; ਪਰੰਤੂ, ਹਿੰਦੂਆਂ ਸਮੇਤ ਬਾਕੀ ਸਾਰੀਆਂ ਕੌਮਾਂ ਦੇ ਮੁਕਾਬਲੇ ਅਸੀਂ ਅਜੇ ਵੀ ਕਿਤੇ ਜ਼ਿਆਦਾ ਦ੍ਰਿੜ੍ਹ ਵਿਸ਼ਵਾਸੀ ਅਤੇ



www.AKJ.Org

ਸਿੱਖੀ ਸਿਦਕ ਵਿਚ ਪੱਕੇ ਹਾਂ।

ਪਿਛੇ ਜਿਹੇ ਅਮਰੀਕਾ ਵਿਚ 'ਟਾਈਮਜ਼' ਅਖ਼ਬਾਰ ਦੇ ਇਕ ਸਰਵੇ ਮੁਤਾਬਕ ੧੮ ਅਤੇ ੨੯ ਵਰ੍ਹੇ ਦੇ ੨੦੦੦ ਈਸਾਈ ਯੁਵਕਾਂ ਵਿਚੋਂ ਕੇਵਲ ੧੯ ਫ਼ੀ ਸਦੀ ਹੀ ਐਸੇ ਨਿਕਲੇ ਸਨ, ਜੋ ਬਾਈਬਲ ਵਿਚ ਯਕੀਨ ਰੱਖਦੇ ਸਨ ਅਤੇ ਇਨ੍ਹਾਂ ਵਿਚੋਂ ਵੀ ੭੭ ਫ਼ੀ ਸਦੀ ਨੇ ਤਾਂ ਬਾਈਬਲ ਦਾ ਕਦੇ ਵੀ ਅਧਿਐਨ ਨਹੀਂ ਸੀ ਕੀਤਾ। ਜੇ ਇਹੋ ਜਿਹਾ ਸਰਵੇ ਹਿੰਦੂਆਂ ਵਿਚ ਕੀਤਾ ਜਾਵੇ ਤਾਂ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਇਕ ਫ਼ੀ ਸਦੀ ਵੀ ਐਸੇ ਨਹੀਂ ਮਿਲਣਗੇ, ਜਿਨ੍ਹਾਂ ਨੇ ਜੰਞੂ ਪਾਇਆ ਹੋਵੇ।

ਸਿੱਖ ਕੌਮ ਤੇ ਇਹ ਇਲਜ਼ਾਮ ਅਕਸਰ ਲਗਾਇਆ ਜਾਂਦਾ ਹੈ ਕਿ ਉਹ ਧਰਮ ਨੂੰ ਰਾਜਨੀਤੀ ਨਾਲੋਂ ਅਡ ਨਹੀਂ ਕਰਦੀ। ਪ੍ਰੰਤੂ ਇਸ ਦਾ ਮੂਲ ਕਾਰਨ ਸਿੱਖ ਸਿਧਾਂਤਾਂ ਪ੍ਰਤੀ ਅਗਿਆਨਤਾ ਹੈ। ਮੰਦੇ ਭਾਗਾਂ ਨੂੰ ਅਜ ਤਕ ਕਿਸੇ ਹਿੰਦੂ ਨੇ ਵੀ ਇਹ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਸਿੱਖ ਇਕ ਨਿਰੋਲ ਮਜ਼ਹਬੀ ਫ਼ਿਰਕਾ ਹੀ ਨਹੀਂ। ਉਨ੍ਹਾਂ ਨੂੰ ਤਾਂ ਇਕ ਕੌਮ ਵਜੋਂ ਸਾਜਿਆ ਗਿਆ ਸੀ, ਰਾਜਨੀਤੀ ਜਿਸ ਦਾ ਅਨਿਖੜਵਾਂ ਅੰਗ ਹੈ। ਸਿੱਖ ਕੌਮ ਇਕ ਵਿਲੱਖਣ ਧਾਰਮਕ, ਸਮਾਜੀ, ਸਿਆਸੀ ਅਤੇ ਸਭਿਆਚਾਰਕ ਵਿਰਸੇ ਅਤੇ ਕਦਰਾਂ ਕੀਮਤਾਂ ਦੀ ਵਾਰਸ ਹੈ। ਕੁਝ ਇਤਿਹਾਸਕ ਕਾਰਨਾਂ ਕਾਰਨ ਸਿੱਖ ਕੌਮ ਦਾ ਇਹ ਵਿਲਖਣ ਸਰੂਪ ਕਰੀਬਨ ਕਰੀਬਨ ਗੁਆਚ ਜਾਣ ਕਾਰਨ ਹੀ ਉਨੀਸਵੀਂ ਸਦੀ ਦੇ ਅੰਤਲੇ ਦਹਾਕਿਆਂ ਅਤੇ ਬੀਸਵੀਂ ਸਦੀ ਦੇ ਸ਼ੁਰੂ ਵਿਚ ਕੁਝ ਕੁ ਸਮਾਜ ਸੁਧਾਰ ਲਹਿਰਾਂ ਨੇ ਜਨਮ ਲਿਆ ਸੀ। ਗੁਰਦੁਆਰਾ ਸੁਧਾਰ ਲਹਿਰ ਵੀ ਇਸੇ ਸਿਲਸਿਲੇ ਦੀ ਹੀ ਇਕ ਕੜੀ ਸੀ, ਜਿਸ ਦੁਆਰਾ ਪੁਨਰ ਜਾਗ੍ਰਤੀ ਦਾ ਪਹਿਲਾ ਪੜਾਅ ਮੁਕੰਮਲ ਹੋ ਸਕਿਆ। ਉਸ ਤੋਂ ਉਪਰੰਤ ਦੂਜੇ ਪੜਾਅ ਵਿਚ ਜ਼ਿਆਦਾ ਬਲ ਸਭਿਆਚਾਰਕ ਸੰਭਾਲ ਤੇ ਦਿੱਤਾ ਜਾਂਦਾ ਰਿਹਾ ਹੈ ਅਤੇ ੧੯੪੭ ਤੋਂ ਬਾਅਦ ਪੰਜਾਬੀ ਸੂਬੇ ਦੀ ਮੰਗ ਅਤੇ ਅਨੰਦਪੁਰ ਸਾਹਿਬ ਦੇ ਮਤੇ ਦਾ ਮੁਖ ਮੰਤਵ ਵੀ ਇਹ ਹੀ ਹੈ। ਹਿੰਦੂ ਨੇਤਾਵਾਂ ਵਲੋਂ ਸਿੱਖ ਕੌਮ ਨਾਲ ਕੀਤੇ ਉਪਰੋਕਤ ਕੌਲਾਂ ਕਰਾਰਾਂ ਦੀ ਰੌਸ਼ਨੀ ਵਿਚ ਅਨੰਦਪੁਰ ਸਾਹਿਬ ਦੇ ਮਤੇ ਤੇ ਕਿਸੀ ਨੂੰ ਵੀ ਕੋਈ ਆਪਤੀ ਨਹੀਂ ਹੋਣੀ ਚਾਹੀਦੀ।

ਇਸ ਸੰਬੰਧ ਵਿਚ ਤਾਂ ਸਗੋਂ ਸਿੱਖ ਕੌਮ ਪਰਸੰਸਾ ਦੀ ਪਾਤਰ ਹੋਣੀ ਚਾਹੀਦੀ ਹੈ, ਕਿਉਂਕਿ ਉਸ ਦੀ ਕਥਨੀ ਅਤੇ ਕਰਨੀ ਵਿਚ ਕੋਈ ਅੰਤਰ ਨਹੀਂ। ਹਿੰਦੂਆਂ ਦਾ ਕਿਰਦਾਰ ਇਸ ਦੇ ਬਿਲਕੁਲ ਵਿਪਰੀਤ ਹੈ। ਕੀ ਉਨ੍ਹਾਂ ਨੇ ਸਚਮੁਚ ਰਾਜਨੀਤੀ ਨੂੰ ਧਰਮ ਨਾਲੋਂ ਅਡ ਕਰ ਦਿਤਾ ਹੋਇਆ ਹੈ ? ਪਹਿਲਾਂ ਤਾਂ 'ਭਾਰਤ ਮਾਤਾ' ਦਾ ਸੰਕਲਪ ਹੀ ਅਸਲ ਵਿਚ ਧਾਰਮਕ ਸੰਕਲਪ ਹੀ ਹੈ, ਕਿਉਂਕਿ 'ਭਾਰਤ ਮਾਤਾ' ਨੂੰ ਵੀ ਦੁਰਗਾ ਮਾਤਾ ਵਾਂਗ ਇਕ ਦੇਵੀ ਦੇ ਰੂਪ ਵਿਚ ਹੀ ਪੇਸ਼ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਗਾਂਧੀ ਜੀ ਦੀਆਂ ਪ੍ਰਾਰਥਨਾ-ਸਭਾਵਾਂ ਵਿਚ ਵੀ ਪਾਲੇਟਿਕਸ ਜ਼ਿਆਦਾ ਅਤੇ ਧਰਮ ਘਟ ਹੁੰਦਾ ਸੀ। ਅਤੇ ਬਹੁਤ ਸਾਰੇ ਲੋਕਾਂ ਨੂੰ ਸ਼ਾਇਦ ਇਸ ਗੱਲ ਦਾ ਪਤਾ ਨਹੀਂ ਕਿ ਭਾਰਤ ਦੀ ਆਜ਼ਾਦੀ ਦਾ ਐਲਾਨ ੧੪ ਅਗਸਤ ਦੀ ਬਜਾਏ ੧੫ ਅਗਸਤ ਇਸ ਲਈ ਕੀਤਾ ਗਿਆ ਸੀ ਕਿਉਂਕਿ ਕਿਸੇ ਜੋਤਸ਼ੀ ਮੁਤਾਬਕ ੧੪ ਅਗਸਤ ਅਸ਼ੁਭ ਦਿਨ ਸੀ।

ਇਸ ਸੰਬੰਧ ਵਿਚ ਇਹ ਦਸਣਾ ਵੀ ਉਚਿਤ ਹੀ ਹੋਵੇਗਾ ਕਿ ਕੌਮੀ ਤਰਾਨਾ 'ਬੰਦੇ ਮਾਤ੍ਰਮ' ਵੀ 'ਦੁਰਗਾ ਮਾਤਾ' ਦੀ ਉਸਤਤ ਵਿਚ ਇਕ ਭਜਨ ਹੀ ਹੈ, ਜੋ ਬੰਕਮ ਚੰਦਰ ਚੈਟਰਜੀ ਦੇ ਨਾਵਲ 'ਅਨੰਦ ਮਠ' ਵਿਚੋਂ ਲਿਆ ਹੋਇਆ ਹੈ।

ਅਰੁਨ ਸ਼ੋਰੀ ਨੂੰ ਇਸ ਗੱਲ ਤੇ ਤਾਂ ਇਤਰਾਜ਼ ਹੈ ਕਿ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ (ਜੋ ਸਿੱਖ ਕੌਮ ਲਈ ਗੁਰੂ ਅਤੇ ਅਕਾਲਪੁਰਖ ਦਾ ਸਰੂਪ ਹੈ) ਕੀਮਤੀ ਅਤੇ ਸੋਹਣੇ ਰੁਮਾਲਿਆਂ ਵਿਚ ਲਪੇਟ ਕੇ ਰਖਦੇ ਹਨ, ਪ੍ਰੰਤੂ ਉਨ੍ਹਾਂ ਫੋਕੀਆਂ ਰਸਮਾਂ ਰਿਵਾਜਾਂ ਵਲ ਉਸ ਦਾ ਧਿਆਨ ਨਹੀਂ ਜਾਂਦਾ ਤੇ ਦੇਸ਼ ਭਰ ਦੇ ਅਨੇਕ ਮੰਦਰਾਂ ਵਿਚ ਹਰ ਰੋਜ ਕਰੋੜਾਂ ਰੁਪੈ ਨਸ਼ਟ ਕੀਤੇ ਜਾਂਦੇ ਹਨ। ਇਸ ਸਬੰਧ ਵਿਚ ਮੈਂ ਉਸ ਦਾ ਧਿਆਨ ਉਸ ਦੀ ਆਪਣੀ ਹੀ ਅਖਬਾਰ ਇੰਡੀਅਨ ਐਕਸਪ੍ਰੈਸ ਦੇ ਐਡੀਟੋਰੀਅਲ ਮਿਤੀ ੭ ਦਸੰਬਰ ੧੯੭੧ ਵਲ ਦਵਾਉਂਦਾ ਹਾਂ ਜਿਸ ਵਿਚ



www.AKJ.Org

ਐਡੀਟਰ ਸਾਹਿਬ ਲਿਖਦੇ ਹਨ :—

"ਕੇਵਲ ਕੇਰਲਾ ਪਰਦੇਸ਼ ਵਿਚ ਹੀ ਤਕਰੀਬਨ ੧੨੦੦ ਮੰਦਰ ਹਨ, ਜਿਨ੍ਹਾਂ ਵਿਚ ਹਰ ਰੋਜ਼ ਪੂਜਾ ਅਰਚਾ ਵਿਚ ੩੦ ਲੱਖ ਰੁਪਏ ਖਰਚ ਕੀਤੇ ਜਾਂਦੇ ਹਨ। ਕੀ ਸਾਡੇ ਦੇਵੀ ਦੇਵਤੇ ਇਤਨੇ ਲਾਲਚੀ ਹੋ ਗਏ ਹਨ ਕਿ ਉਹ ਸਾਦ-ਮੁਰਾਦੀ ਪੂਜਾ ਪਰਵਾਨ ਨਹੀਂ ਕਰਦੇ ?

ਮੀਨਾਕਸ਼ੀ ਮੰਦਰ ਮਦਰਾਸ ਨੂੰ ਏਅਰ ਕੰਡੀਸ਼ਨ ਕੀਤਾ ਗਿਆ ਹੈ। ਕੀ ਦੇਵੀ ਜੀ ਨੂੰ ਹੁਣ ਬਹੁਤ ਗਰਮੀ ਲਗਣ ਲਗ ਪਈ ਹੈ ? ਦੇਵੀ ਦੇਵਤਿਆਂ ਦੇ ਜਲੂਸ ਵੀ ਪੂਰੀ ਸ਼ਾਨ ਨਾਲ ਸਜਾਏ ਘੋੜਿਆਂ ਵਾਲੇ ਸੋਨੇ ਚਾਂਦੀ ਦੇ ਰਥਾਂ ਤੇ ਕਢੇ ਜਾਂਦੇ ਹਨ ਅਤੇ ਅੰਦਾਜ਼ਾ ਲਗਾਇਆ ਗਿਆ ਹੈ ਕਿ ਹਰ ਸਾਲ ਮੰਦਰਾਂ ਦੀ ਆਮਦਨੀ ਦਾ ਤਕਰੀਬਨ ੧੦ ਕਰੋੜ ਰੁਪਇਆ ਖੁਰਦ ਬੁਰਦ ਕਰ ਲਿਆ ਜਾਂਦਾ ਹੈ..."

ਸਿੱਖ ਗੁਰਦੁਆਰਾ ਸਾਹਿਬਾਨ ਵਿਚ ਤਾਂ ਹਰ ਰੋਜ਼ ਲੱਖਾਂ ਲੋਕਾਂ ਨੂੰ ਮੁਫ਼ਤ ਲੰਗਰ ਛਕਾਇਆ ਜਾਂਦਾ ਹੈ, ਇਸ ਦੇ ਵਿਪਰੀਤ ਹਿੰਦੂ ਮੰਦਰਾਂ ਦੀ ਹਾਲਤ ਦੇ ਕੁਝ ਕੁ ਜ਼ਿਕਰ 'ਟਾਈਮਜ਼ ਆਫ਼ ਇੰਡੀਆ' ਦਾ ਐਡੀਟਰ ਆਪਣੇ ੨੯ ਜੂਨ ੧੯੭੧ ਦੇ ਐਡੀਟੋਰੀਅਲ ਵਿਚ ਇਉਂ ਕਰਦਾ ਹੈ—

"ਦੇਸ਼ ਭਰ ਦੇ ਅਮੀਰ ਤੋਂ ਵੀ ਅਮੀਰ ਮੰਦਰਾਂ ਵਿਚ ਵੀ ਸਮਾਜ-ਭਲਾਈ ਦੀ ਭਾਵਨਾ ਤਾਂ ਕਿਤੇ ਵੀ ਨਜ਼ਰ ਨਹੀਂ ਆਉਂਦੀ। ਇਹ ਦੁਰਭਾਗ ਸਥਿਤੀ ਉਸ ਸਮੇਂ ਉਭਰ ਕੇ ਸਾਹਮਣੇ ਆਈ ਜਦ ਬਿਹਾਰ ਵਿਚ ਕਾਲ ਦੇ ਸਮੇਂ ਉਥੋਂ ਦੇ ਮੰਦਰਾਂ ਨੇ ਭੁੱਖ ਨਾਲ ਮਰ ਰਹੇ ਲੋਕਾਂ ਨੂੰ ਕੋਈ ਵੀ ਸਹਾਇਤਾ ਦੇਣ ਤੋਂ ਸਾਫ ਇਨਕਾਰ ਕਰ ਦਿਤਾ। ਇਸੇ ਹੀ ਪ੍ਰਕਾਰ ਕਿਸੇ ਵੀ ਮੰਦਰ ਨੇ ਬੰਗਲਾ ਦੇਸ਼ ਤੋਂ ਉਜੜ ਪੁਜੜ ਆਏ ਲੋਕਾਂ ਨੂੰ ਸ਼ਰਨ ਨਹੀਂ ਦਿਤੀ।"

ਇਹੋ ਜਿਹੇ ਮੌਕਿਆਂ ਤੇ ਸਿੱਖ ਗੁਰਦਵਾਰਿਆਂ ਦੇ ਦਰਵਾਜ਼ੇ ਕਿਸ ਤਰ੍ਹਾਂ ਗਰੀਬ ਗੁਰਬੇ ਲਈ ਖੋਲ੍ਹ ਦਿਤੇ ਜਾਂਦੇ ਹਨ, ਉਸ ਨੂੰ ਅੱਜ ਸਮੁੱਚਾ ਸੰਸਾਰ ਜਾਣਦਾ ਹੈ।

ਇਸ ਦੇ ਬਾਵਜੂਦ ਅੱਜ ਮੰਦਰ ਅਤੇ ਉਹਨਾਂ ਦੇ ਕੇਂਦਰ, ਗੁਰਦਵਾਰਿਆਂ ਅਤੇ ਸਿੱਖ ਕੇਂਦਰਾਂ ਦੇ ਮੁਕਾਬਲੇ ਵਧੇਰੇ ਪਵਿੱਤਰ ਮੰਨੇ ਜਾਂਦੇ ਹਨ। ਮਿਸਾਲ ਵਜੋਂ ਵਾਰਾਨਸੀ ਅਤੇ ਹਰਿਦੁਆਰ ਤਾਂ ਪਵਿੱਤਰ ਹਨ, ਪਰੰਤੂ, ਅੰਮ੍ਰਿਤਸਰ ਅਤੇ ਤਰਨ ਤਾਰਨ ਨਹੀਂ। ਕੀ ਇਸ ਦੀ ਵਜ੍ਹਾ ਇਹ ਹੈ ਜੋ 'ਸਟੇਟਸਮੈਨ' ਦਾ ਐਡੀਟਰ ਆਪਣੀ ਅਖ਼ਬਾਰ ਮਿਤੀ ੩੦ ਮਈ, ੧੯੩੨ ਵਿਚ ਲਿਖਦਾ ਹੈ—

"ਵਾਰਾਨਸੀ ਤਾਂ ਬਹੁਤ ਹੀ 'ਉਦਾਰ' ਕੇਂਦਰ ਹੈ ਜੋ ਝਟ-ਪਟ ਹੀ ਮੁਕਤੀ ਪ੍ਰਦਾਨ ਕਰ ਦੇਂਦਾ ਹੈ। ਕਿਉਂਕਿ ਸ਼ਿਵ ਜੀ ਦੇ ਇਸ ਸ਼ਹਿਰ ਵਿਚ ਗੰਗਾ ਵਿਚ ਕੇਵਲ ਇਕ ਚੁੱਭੀ ਹੀ ਮਨੁੱਖ ਨੂੰ ਮੁਕਤ ਕਰ ਦੇਂਦੀ ਹੈ ...ਹੁਣ ਤਾਂ ਇਸ ਪਵਿੱਤਰ ਸ਼ਹਿਰ ਵਿਚ ਅਫੀਮ ਤੋਂ ਤਿਆਰ ਹੋਣ ਵਾਲੀ ਹੈਰੋਇਨ ਦੀ ਵੱਡੀ ਪਧਰ ਤੇ ਤਿਆਰੀ ਨਾਲ, ਇਸ ਸ਼ਹਿਰ ਦੀ ਨਿਰਵਾਨ ਸ਼ਕਤੀ ਹੋਰ ਵੀ ਵਧ ਗਈ ਹੈ, ਕਿਉਂਕਿ ਇਹ ਵੀ ਤਾਂ ਮੁਕਤੀ ਹੀ ਪ੍ਰਦਾਨ ਕਰਦੀ ਹੈ, ਭਾਵੇਂ ਹੋਰ ਤਰ੍ਹਾਂ ਦੀ ਹੀ ਹੋਵੇ।"

ਅਤੇ ਗੰਗਾ ਬਾਰੇ ਤਾਂ ਮੈਂ ਸ਼ੋਰੀ ਸਾਹਿਬ ਦਾ ਧਿਆਨ ਰਾਜ ਸਭਾ ਦੇ ਅਧਿਅਕਸ਼ ਸ੍ਰੀ ਸ਼ਾਮ ਲਾਲ ਯਾਦਵ ਜੀ ਦੇ ਉਸ ਬਿਆਨ ਵਲ ਦਿਵਾਣਾ ਚਾਹਵਾਂਗਾ ਜੋ ੬ ਜੂਨ, ੧੯੮੨ ਦੀ ਟ੍ਰਿਬਿਊਨ ਵਿਚ ਛਪਿਆ ਹੈ, ਉਨ੍ਹਾਂ ਮੁਤਾਬਕ—

"ਗੰਗਾ ਜਲ ਇਸ ਹੱਦ ਤਕ ਖ਼ਰਾਬ ਹੋ ਚੁਕਾ ਹੈ ਕਿ ਇਸ ਵਿਚ ਇਸ਼ਨਾਨ ਕਰਨਾ ਤਾਂ ਇਕ ਪਾਸੇ ਰਿਹਾ, ਇਹ ਤਾਂ ਖੇਤੀ ਦੀ ਸਿੰਚਾਈ ਦੇ ਕਾਬਲ ਵੀ ਨਹੀਂ ਰਿਹਾ।"

ਇਕ ਗੱਲ ਮੰਨਣੀ ਪਵੇਗੀ ਕਿ ਸ਼ੋਰੀ ਦੇ ਕੰਨ ਬੜੇ ਪੜ੍ਹੇ ਪੜ੍ਹਾਏ ਅਤੇ ਸਿਖੇ ਸਿਖਾਏ ਹਨ। ਉਹ ਗੁਰਦਵਾਰਿਆਂ ਦੇ ਲਾਊਡ ਸਪੀਕਰਾਂ ਦੀ ਆਵਾਜ਼ ਨੂੰ ਤਾਂ ਸਹਿਨ ਨਹੀਂ ਕਰ ਸਕਦੇ, ਪਰੰਤੂ ਉਨ੍ਹਾਂ ਲਾਊਡ



www.AKJ.Org

ਸਪੀਕਰਾਂ ਦੀ ਮਧੁਰ ਧੁਨ ਤੇ ਵਿਸਮਾਦ ਵਿਚ ਆ ਜਾਂਦੇ ਹਨ ਜੋ ਜਗਰਾਤਿਆਂ ਦੀਆਂ ਉਹਨਾਂ ਸਟੇਜਾਂ ਤੇ ਲਗੇ ਹੁੰਦੇ ਹਨ ਜੋ ਐਨ ਵਸਦੀਆਂ ਅਬਾਦੀਆਂ ਵਿਚ ਪੂਰੀਆਂ ਸੜਕਾਂ ਰੋਕ ਕੇ ਲੱਗੀਆਂ ਹੁੰਦੀਆਂ ਹਨ ਅਤੇ ਜਿਨ੍ਹਾਂ ਦੁਆਰਾ ਭਜਨ-ਮੰਡਲੀਆਂ ਸੋਮ ਰਸ ਦਾ ਪਾਨ ਕਰ ਕੇ ਉੱਚੀ ਤੋਂ ਉੱਚੀ ਆਵਾਜ਼ ਵਿਚ ਫਿਲਮੀ ਤਰਜ਼ ਦੇ ਗੀਤ ਸੁਣਾਉਂਦੀਆਂ ਹਨ, ਜੋ ਰਾਤਾਂ ਦੀ ਸ਼ਾਂਤੀ ਅਤੇ ਬੂਹੇ ਬਾਰੀਆਂ ਦੀਆਂ ਦੀਵਾਰਾਂ ਨੂੰ ਚੀਰ ਕੇ ਆਪਣੇ ਆਲੇ ਦੁਆਲੇ ਦੇ ਲੋਕਾਂ ਤੇ ਬਿਜਲੀ-ਸਮਾਨ ਟੁੱਟ ਪੈਂਦੀ ਹੈ ਅਤੇ ਉਨ੍ਹਾਂ ਨੂੰ ਕੁਸਕਣ ਤਕ ਨਹੀਂ ਦੇਂਦੇ। ਅਜਿਹੇ ਹੀ ਇਕ ਮੌਕੇ ਤੇ ਮੈਂ ਬਾਰੀਆਂ ਬੂਹੇ ਬੰਦ ਕਰ ਕੇ ਅਤੇ ਆਪਣੇ ਕੰਨਾਂ ਵਿਚ ਰੂੰ ਦੇ ਝੱਪੇ ਚੜ੍ਹਾ ਕੇ ਪੂਰੀ ਕੋਸ਼ਿਸ਼ ਕੀਤੀ ਕਿ ਕਿਸੇ ਤਰ੍ਹਾਂ ਸੌਂ ਸਕਾਂ, ਪਰ ਕਿਥੇ ? ਅੰਤ ਨੂੰ ਸਵੇਰੇ ਤਿੰਨ ਵਜੇ ਮੈਂ ਹਥਿਆਰ ਸੁਟ ਦਿਤੇ ਅਤੇ ਬਾਹਰ ਆ ਗਿਆ ਕਿ ਚਲੋ ਥੋੜ੍ਹੀ ਸੈਰ ਹੀ ਕਰਦੇ ਹਾਂ। ਜਦ ਮੈਂ ਬਾਹਰ ਆਇਆ ਤਾਂ ਭਜਨ-ਮੰਡਲੀ ਜਿਸ 'ਭਜਨ' ਦਾ ਗਾਇਨ ਕਰ ਰਹੀ ਸੀ, ਉਹ ਇਸ ਪ੍ਰਕਾਰ ਸੀ–

ਘਾਸੀ ਰਾਮ ਮੇਰਾ ਨਾਮ। ਗੜ੍ਹੇ ਵਿਚ ਮੇਰਾ ਮਕਾਨ।
ਸਾਹਮਣੇ ਨਾਈ ਦੀ ਦੁਕਾਨ। ਪਾਵਾਂ ਵਿਚ ਜਗਰਾਤੇ ਜਾਨ।

ਹੋਰ ਨੇੜੇ ਹੋ ਕੇ ਜਦ ਮੈਂ ਇਹੋ ਜਿਹੇ ਕਈ ਹੋਰ 'ਭਜਨ' ਸੁਣੇ ਤਾਂ ਮੇਰੀ ਸਾਰੀ ਥਕਾਨ ਦੂਰ ਹੋ ਗਈ।

ਸ਼ੋਰੀ ਵਰਗੇ ਸਜਣਾਂ ਨੂੰ ਇਹੋ ਜਿਹੇ ਭਜਨਾਂ ਵਿਚੋਂ ਜੋ ਆਨੰਦ ਆਉਂਦਾ ਹੈ ਉਹ ਉਨ੍ਹਾਂ ਨੂੰ ਗੁਰਬਾਣੀ ਦੇ ਸਹਿਜ ਸੁਭਾ ਸ਼ਬਦਾਂ ਵਿਚੋਂ ਕਿਥੇ ਮਿਲ ਸਕਦਾ ਹੈ ? ਇਹ ਹੀ ਕਾਰਨ ਹੈ ਕਿ ਗੁਰਦਵਾਰਿਆਂ ਵਿਚੋਂ ਗੁਰਬਾਣੀ ਦੀ ਆ ਰਹੀ ਭਿੰਨੀ ਭਿੰਨੀ ਮਧੁਰ ਆਵਾਜ਼ ਉਨ੍ਹਾਂ ਨੂੰ ਚੰਗੀ ਨਹੀਂ ਲਗਦੀ ਅਤੇ ਉਹ ਸਿੱਖ ਕੌਮ ਵਲੋਂ ਆਪਣੇ ਗੁਰੂ ਰੂਪ ਧਾਰਮਕ ਗ੍ਰੰਥ ਪ੍ਰਤੀ ਸਿਦਕ ਅਤੇ ਸ਼ਰਧਾ ਅਤੇ ਉਸ ਦੀ ਰਹਿਤ ਮਰਯਾਦਾ ਅਨੁਸਾਰ ਸੇਵਾ ਸੰਭਾਲ ਤੋਂ ਚਕ੍ਰਾ ਜਾਂਦੇ ਹਨ। ਜਿਨ੍ਹਾਂ ਲਈ ਕੇਵਲ ਇਕ ਖ਼ਾਸ ਮਾਤਰਾ ਵਿਚ ਘਿਉ ਅਤੇ ਧੂਪ ਦਾ ਜਾਲਣਾ ਅਤੇ ਉਸ ਸਮੇਂ ਇਕ ਕਰਾਏ ਦੇ ਖ਼ਾਸ ਵਿਅਕਤੀ ਦੁਆਰਾ ਕੁਝ ਮੰਤਰਾਂ ਦਾ ਉਚਾਰਨਾ ਹੀ ਸਭ ਤੋਂ ਵਡੀ ਪੂਜਾ ਹੋਵੇ, ਉਹ ਭਲਾ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਪ੍ਰਤੀ ਸਿੱਖ ਭਾਵਨਾਵਾਂ ਨੂੰ ਕਿਵੇਂ ਸਮਝ ਸਕਦਾ ਹੈ ? ਇਸ ਲਈ ਉਸ ਨੂੰ ਹਰਿਮੰਦਰ ਸਾਹਿਬ ਵਿਖੇ ਗੁਰੂ ਸਾਹਿਬ ਦੇ ਸਮੇਂ ਤੋਂ ਹੀ ਚਲੀਆਂ ਆ ਰਹੀਆਂ ਪਵਿੱਤਰ ਰਵਾਇਤਾਂ ਤੋਂ ਜਾਣੂ ਕਰਵਾਣ ਦੀ ਕਿਸੇ ਵੀ ਕੋਸ਼ਿਸ਼ ਦਾ ਕੋਈ ਲਾਭ ਨਹੀਂ ਹੋ ਸਕਦਾ।

ਅੰਤ ਵਿਚ ਮੈਨੂੰ ਸ਼ੋਰੀ ਸਾਹਿਬ ਦੇ ਇਸ ਸੁਝਾ ਬਾਰੇ ਪੜ੍ਹ ਕੇ ਬੜੀ ਹੈਰਾਨੀ ਹੋਈ ਕਿ ਸਰਕਾਰ ਨੂੰ ਸਮੁਚੇ ਭਾਰਤ ਵਿਚ ਇਕੋ ਜਿਹਾ ਹੀ ਸਿਵਲ ਕੋਡ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ ਅਤੇ ਇਸ ਵਿਚ ਵਸਦੀਆਂ ਵੱਖ ਵੱਖ ਕੌਮਾਂ ਦੀਆਂ ਆਪੋ ਆਪਣੇ ਵਿਰਸੇ ਤੇ ਅਧਾਰਤ ਭਾਵਨਾਵਾਂ ਦੀ ਕੋਈ ਪਰਵਾਹ ਨਹੀਂ ਕਰਨੀ ਚਾਹੀਦੀ। ਭਾਰਤੀ ਸੰਵਿਧਾਨ ਦੀਆਂ ਕੁਝ ਕੁ ਧਾਰਾਵਾਂ ਦੀ ਖੁਲ੍ਹਮ-ਖੁਲ੍ਹਾ ਖਿਲੀ ਉੜਾਂਦਿਆਂ ਸ਼ੋਰੀ ਦਾ ਇਹ ਸੁਝਾ ਉਸ ਦੀ ਸੂਝ ਬੂਝ ਦਾ ਪ੍ਰਤੀਕ ਹੀ ਮੰਨਣਾ ਚਾਹੀਏ, ਜੋ ਇਹ ਵੀ ਨਹੀਂ ਜਾਣਦਾ ਕਿ ਇਹੋ ਜਹੀ ਕੋਸ਼ਿਸ਼ ਮੁਗਲਾਂ ਨੇ ਵੀ ਕੀਤੀ ਸੀ ਅਤੇ ਅਫ਼ਗਾਨਾਂ ਨੇ ਵੀ। ਉਨ੍ਹਾਂ ਦੋਹਾਂ ਦਾ ਜੋ ਅੰਜਾਮ ਹੋਇਆ ਸੀ, ਉਸ ਨੂੰ ਸ਼ੋਰੀ ਸਾਹਿਬ ਤੋਂ ਇਲਾਵਾ ਹੋਰ ਸਭ ਕੋਈ ਜਾਣਦਾ ਹੈ।

੨ ਜੂਨ ੧੯੯੨ ਦੇ ਇੰਡੀਅਨ ਐਕਸਪ੍ਰੈਸ ਵਿਚ ਛਪੇ ਸ਼ੋਰੀ ਸਾਹਿਬ ਦੇ ਦੂਜੇ ਲੇਖ 'ਮਾਈ ਹੈਰੀਟੇਜ ਟੂਹ' ਬਾਰੇ ਮੈਂ ਇਤਨਾ ਹੀ ਕਹਿਣਾ ਚਾਹਵਾਂਗਾ ਕਿ ਸਮੁੱਚੀ ਸਿੱਖ ਕੌਮ ਦੀ ਖਿਲੀ ਉੜਾਨ ਤੋਂ ਬਾਅਦ ਉਸ ਵਲੋਂ ਸਿੱਖ ਕੌਮ ਦੇ ਵਿਰਸੇ ਵਿਚ ਭਾਈਵਾਲ ਬਣਨ ਦਾ ਚਾਅ ਬੜਾ ਅਨੋਖਾ ਜਿਹਾ ਜਾਪਦਾ ਹੈ। ਉਹਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪਿਤਾ ਪੁਰਖੀ ਜਾਇਦਾਦ ਵਿਚ ਕੇਵਲ ਜਾਇਜ਼ ਬੱਚੇ ਹੀ ਵਰਾਸਤ ਦੇ ਹੱਕ ਪ੍ਰਾਪਤ ਕਰਦੇ ਹਨ। ਜਿਸ ਸ਼ੋਰੀ ਕਬੀਲੇ ਨੇ ਆਪਣੀ ਮਾਂ (ਪੰਜਾਬੀ ਬੋਲੀ) ਤਕ ਦਾ ਤਿਆਗ ਕਰ ਦਿਤਾ ਹੋਵੇ, ਉਹ ਸਾਡੇ ਵਿਰਸੇ ਵਿਚੋਂ ਕੀ ਭਾਲਦੇ ਹਨ ?



www.AKJ.Org

# ਗੁਰੁ ਕਹੈ ਸੁ ਕਾਰ ਕਮਾਇ ਜੀਉ

[ਵਲੋਂ—ਬੀਬੀ ਜੁਗਿੰਦਰ ਕੌਰ ਐਮ. ਏ. ਪੰਜਾਬੀ]

ਅਸੀਂ ਗੁਰੂ ਨਾਨਕ-ਨਾਮ-ਲੇਵਾ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬੱਚੇ ਬੱਚੀਆਂ ਹਾਂ, ਪਰ ਸਾਨੂੰ ਅਜੇ ਤੱਕ ਇਹ ਵੀ ਪਤਾ ਨਹੀਂ ਕਿ ਅਸੀਂ ਪਿਤਾ ਦੇ ਦਰਬਾਰ ਵਿਚ ਕਿਵੇਂ ਜਾਣਾ ਹੈ ਅਤੇ ਕਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣਾ ਹੈ।

ਗੁਰੂ ਪਾਤਸ਼ਾਹ ਦੇ ਦਰਬਾਰ ਵਿਚ ਪੂਰਨ ਭੈ-ਭਾਵਨੀ ਸਹਿਤ ਜਾਣਾ ਬਣਦਾ ਹੈ ਅਤੇ ਜਦੋਂ ਅੰਦਰ ਦਾਖ਼ਲ ਹੋਈਏ ਤਾਂ ਬੜੇ ਅਦਬ-ਸਤਿਕਾਰ ਨਾਲ ਨਿਰਮਾਣ ਹੋ ਕੇ, ਗੁਰੂ ਸਾਹਿਬ ਦੇ ਸਨਮੁਖ ਆਪਣਾ ਸੀਸ ਰਖ ਦੇਈਏ ਤੇ ਅੰਦਰੋਂ ਹਿਰਦਿਓਂ ਇਹ ਜੋਦੜੀਆਂ ਕਰਦੇ ਹੋਈਏ, ਪਾਤਸ਼ਾਹ ! ਮੈਂ ਅੰਞਾਣ ਨਾਚੀਜ਼, ਅਲਪੱਗ ਤੇ ਨਾਸਮਝ ਹਾਂ, ਆਪਣਾ ਪਿਆਰ ਤੇ ਅਦਬ ਬਖਸ਼, ਆਪਣੀ ਸਿੱਖੀ ਬਖਸ਼। ਜੇ ਕੋਈ ਤਿਲ ਫੁਲ ਪੰਜਾ ਦਸਾ ਜਾਂ ਰੁਪਿਆ ਗੁਰੂ ਮਹਾਰਾਜ ਦੇ ਅਰਪਣ ਕਰਨਾ ਹੈ ਤਾਂ ਵਗਾਹ ਕੇ ਸੁਟਣਾ ਗੁਰੂ ਮਹਾਰਾਜ ਦਾ ਤ੍ਰਿਸਕਾਰ ਹੈ। ਦਾਤਾਰ ਸਤਿਗੁਰੂ ਸਭ ਨੂੰ ਦਾਨ ਦੇਣ ਵਾਲਾ ਹੈ, ਬਖਸ਼ਸ਼ਾਂ ਕਰਨ ਵਾਲਾ ਹੈ, ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਹੈ, ਉਸ ਦਾਤੇ ਅਗੇ ਕੁਝ ਵੀ ਵਗਾਹ ਕੇ ਸੁਟਣਾ ਭਾਰੀ ਭੁਲ ਹੈ। ਕਿਸੇ ਭਿਖਾਰੀ ਜਾਂ ਮੰਗਤੇ ਅਗੇ ਵੀ ਜੇ ਪੈਸਾ ਟੱਕਾ ਭੁਆ ਕੇ ਮਾਰੀਏ ਤਾਂ ਉਹ ਵੀ ਬੁਰਾ ਮਹਿਸੂਸ ਕਰਦਾ ਹੈ। ਆਪਣੀ ਭੇਟਾ ਗੁਰੂ ਮਹਾਰਾਜ ਦੇ ਅਗੇ ਬੜੇ ਸਹਿਜ ਨਾਲ ਭੈ-ਭਾਵਨੀ ਵਿਚ ਰਖੀਏ ਜਾਂ ਗੋਲਕ ਵਿਚ ਪਾ ਦੇਈਏ। ਅਸੀਂ ਗੁਰੂ-ਦਰਬਾਰ ਵਿਚ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਭਿਖਾਰੀ ਬਣ ਕੇ ਜਾਣਾ ਹੈ, ਨਾ ਕਿ ਹਉਮੈ ਖ੍ਰੀਦਣ ਲਈ। ਹਉਮੈ ਹੰਕਾਰ ਵਿਚ ਕੁਝ ਨਹੀਂ ਲਭਦਾ। ਜੇ ਕੁਝ ਲਭਦਾ ਹੈ ਤਾਂ ਗਰੀਬੀ ਧਾਰਨ ਵਿਚ। ਨਿਮਰਤਾ ਵਿਚ ਰਹਿ ਕੇ ਹੀ ਗੁਰੂ ਪਾਤਸ਼ਾਹ ਦੀ ਕਿਰਪਾ-ਦ੍ਰਿਸ਼ਟੀ ਦੇ ਪਾਤਰ ਹੋ ਸਕਦੇ ਹਾਂ।

ਸਾਨੂੰ ਪੂਰਨ ਸਤਿਕਾਰ ਸਹਿਤ ਮੱਥਾ ਟੇਕ ਕੇ ਸਾਧ ਸੰਗਤਿ ਵਿਚ ਬੈਠਣਾ ਚਾਹੀਦਾ ਹੈ। ਪਰ ਬੈਠਣ ਲਗਿਆਂ ਇਹ ਕੋਸ਼ਿਸ਼ ਨਾ ਕਰੀਏ ਕਿ ਥਾਂ ਭਾਵੇਂ ਹੋਵੇ ਨਾ ਹੋਵੇ, ਸਭ ਨੂੰ ਲਿਤਾੜ ਕੇ ਅਗੇ ਹੋ ਕੇ ਬੈਠਣਾ ਹੈ। ਗੁਰੂ-ਚਰਨਾਂ ਵਿਚ ਜੋ ਪਿਆਰੇ ਜੁੜੇ ਹੋਏ ਨਾਮ-ਬਾਣੀ ਦਾ ਅਨੰਦ ਮਾਣ ਰਹੇ ਹਨ, ਉਨ੍ਹਾਂ ਦੀਆਂ ਸੁਰਤੀਆਂ ਬਿਰਤੀਆਂ ਨਾ ਉਖੇੜੀਏ। ਉਨ੍ਹਾਂ ਜੁੜੇ-ਬੈਠਿਆਂ ਦੇ ਨੇੜੇ ਤੇੜੇ ਜਿਥੇ ਥਾਂ ਮਿਲੇ, ਉਥੇ ਹੀ ਟਿਕ ਜਾਈਏ। ਗੁਰੂ-ਚਰਨਾਂ ਵਿਚ ਜੁੜੇ ਬੈਠਿਆਂ ਦੀ ਟਿਕਵੀਂ ਸੁਰਤੀ ਦਾ ਸਦਕਾ ਸਤਿਗੁਰੂ ਸਾਡੇ ਤੇ ਵੀ ਬਖ਼ਸ਼ਸ਼ ਕਰਨਗੇ, ਸਾਨੂੰ ਆਪਣੇ ਚਰਨਾਂ ਵਿਚ ਜੋੜਨਗੇ ਅਤੇ ਗੁਰਬਾਣੀ ਦੇ ਅੰਮ੍ਰਿਤ-ਕੀਰਤਨ ਦਾ ਰਸ ਭੁੰਚਾਉਣਗੇ।

ਅਰਦਾਸ ਸਮੇਂ ਸਾਵਧਾਨ ਹੋ ਕੇ ਹੱਥ ਜੋੜ ਖੜੋਈਏ, ਆਪਣਾ ਆਪ ਅਰਦਾਸ ਵਿਚ ਲੀਨ ਕਰੀਏ, ਦਸੋਂ ਸਤਿਗੁਰਾਂ ਦੇ ਦਰਸ਼ਨ ਕਰੀਏ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ-ਦੀਦਾਰ ਵਿਚ ਧਿਆਨ ਜੋੜੀਏ, ਪੰਜਾਂ ਪਿਆਰਿਆਂ, ਚਾਰ ਸਾਹਿਬਜ਼ਾਦਿਆਂ, ਚਾਲੀ ਮੁਕਤਿਆਂ ਅਤੇ ਸਮੂਹ ਸ਼ਹੀਦ ਸਿੰਘ ਸਿੰਘਣੀਆਂ ਦੇ ਰੌਂਗਟੇ ਖੜੇ ਕਰਨ ਵਾਲੇ ਕਾਰਨਾਮੇ ਅੱਖਾਂ ਅੱਗੇ ਲਿਆ ਕੇ 'ਵਾਹਿਗੁਰੂ ਵਾਹਿਗੁਰੂ' ਉਚਾਰਦੇ ਅਰਦਾਸ ਬੇਨਤੀਆਂ ਵਿਚ ਟਿਕਦੇ ਜਾਈਏ ਅਤੇ ਅੰਤ ਵਿਚ "ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ" ਦਾ ਮਹਾਨ ਉਦੇਸ਼ ਹਿਰਦੇ ਵਿਚ ਵਸਾ ਕੇ, ਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਸੀਸ ਨਿਵਾ ਕੇ ਬੈਠ ਜਾਈਏ।

ਹੁਣ ਸੱਚੇ ਪਾਤਸ਼ਾਹ ਜੀ ਦਾ ਹੁਕਮਨਾਮਾ ਸ੍ਰਵਣ ਕਰਨ ਲਈ ਇਉਂ ਸੁਰਤ ਜੋੜ ਲਈਏ ਜਿਵੇਂ ਚਕੋਰ ਚੰਨ ਵਿਚ ਲਿਵ ਲਾਉਂਦਾ ਹੈ। ਗੁਰੂ ਪਾਤਸ਼ਾਹ ਦੇ ਬਚਨ ਹੱਥ ਜੋੜ ਕੇ ਅਸੀਂ ਆਪਣੀ ਝੋਲੀ ਵਿਚ ਪੁਆਉਣੇ ਹਨ, ਪੂਰਨ ਸ਼ਰਧਾ-ਭਾਵਨੀ ਨਾਲ ਉਨ੍ਹਾਂ ਨੂੰ ਪਲੇ ਬੰਨ੍ਹਣਾ ਹੈ ਅਤੇ ਉਨ੍ਹਾਂ ਬਚਨਾਂ ਵਿਚ ਦ੍ਰਿੜ੍ਹਾਏ ਸਿਧਾਂਤਾਂ ਨੂੰ



www.AKJ.Org

ਆਪਣੇ ਦਿਨ ਭਰ ਦੇ ਜੀਵਨ ਵਿਚ ਕਮਾਉਣਾ ਹੈ, ਉਨ੍ਹਾਂ ਤੇ ਅਮਲ ਕਰਨਾ ਹੈ। ਗੁਰੂ ਕੇ ਬਚਨ ਸਾਡੇ ਲਈ 'ਚਾਨਣ-ਮੁਨਾਰਾ' ਹਨ, ਜਿਨ੍ਹਾਂ ਦੀ ਰੌਸ਼ਨੀ ਵਿਚ ਅਸਾਂ ਤੁਰਨਾ ਹੈ। ਜੇ ਗੁਰੂ ਦੇ ਬਚਨ ਦਿਨ ਭਰ ਸਾਡੇ ਸਾਹਮਣੇ ਰਹਿਣਗੇ ਤਾਂ ਕੋਈ ਮਾੜਾ ਕੰਮ ਸਾਥੋਂ ਨਹੀਂ ਹੋ ਸਕਣਾ, ਕੋਈ ਫਿੱਕਾ ਬੋਲ ਮੂੰਹੋਂ ਨਹੀਂ ਨਿਕਲਣਾ, ਠੱਗੀ ਧੋਖਾ ਕਰਨ ਲਗਿਆਂ, ਵਢੀ ਲੈਣ ਲਗਿਆਂ ਸਾਡਾ ਅੰਦਰ ਕੰਬੇਗਾ। ਗੁਰੂ ਕਾ ਬਚਨ ਧਰਮ ਦੀ ਕਿਰਤ ਤੇ ਸ਼ਾਕਰ ਰਹਿਣ ਲਈ ਪ੍ਰੇਰੇਗਾ ਅਤੇ ਸਾਰੀ ਲੁਕਾਈ ਦਾ ਭਲਾ ਚਿਤਵਣ ਲਈ ਮਜਬੂਰ ਕਰੇਗਾ।

ਸਤਿਗੁਰੂ ਪਾਤਸ਼ਾਹ ਦਾ ਹੁਕਮ ਪ੍ਰਾਪਤ ਕਰਨ ਲਗਿਆਂ ਅਸਾਂ ਭੈ-ਭਾਵਨੀ ਛਡਣੀ ਨਹੀਂ, ਸਗੋਂ ਵਧੇਰੇ ਭੈ ਵਿਚ ਪ੍ਰੇਮ-ਸ਼ਰਧਾ ਸਹਿਤ ਜੁੜਨਾ ਹੈ। 'ਹੁਕਮ' ਸੁਣਨਾ ਹੈ ਅਤੇ ਝੋਲੀ ਅੱਡ ਕੇ ਪੂਰਨ ਸ਼ਰਧਾ ਸਹਿਤ ਸੁਣਨਾ ਹੈ। 'ਹੁਕਮਨਾਮਾ' ਆਪ ਨਾਲ ਪੜ੍ਹਨ ਲਗ ਪੈਣਾ ਬੇਅਦਬੀ ਹੈ, ਇਹ ਜ਼ਾਹਰ ਕਰਨਾ ਹੈ ਕਿ ਇਹ ਹੁਕਮ ਤਾਂ ਮੈਂ ਅਗੇ ਹੀ ਜਾਣਦਾ ਹਾਂ। ਇਉਂ ਗਰੀਬੀ ਦੀ ਥਾਂ ਹਉਮੈ ਆ ਵਸਦੀ ਹੈ ਅਤੇ ਪੂਰੀ ਪ੍ਰਾਪਤੀ ਹੋਣ ਵਿਚ ਕਮੀ ਰਹਿ ਜਾਂਦੀ ਹੈ।

ਗੁਰਦੁਆਰੇ ਸਾਹਿਬ ਤੋਂ ਵਾਪਸ ਮੁੜੀਏ ਤਾਂ ਸੁਰਤੀ ਸਤਸੰਗ ਮੰਡਲ ਵਿਚ ਹੀ ਰਖਣੀ ਠੀਕ ਹੈ। ਜੇ ਗੁਰਦੁਆਰਾ ਸਾਹਿਬ ਤੋਂ ਬਾਹਰ ਨਿਕਲਦਿਆਂ ਹੀ ਇਧਰ ਉਧਰ ਦੀਆਂ ਗੱਪਾਂ ਵਿਚ ਰੁਝ ਜਾਣਾ ਹੈ ਤਾਂ ਅਸੀਂ ਬੜਾ ਕੁਝ ਗੁਆ ਲਵਾਂਗੇ। ਅਸਾਂ ਗੁਰ-ਦਰਬਾਰ ਵਿਚੋਂ ਵਾਪਸ ਆ ਕੇ ਦਿਨ ਭਰ ਆਪਣੇ ਆਪ ਨੂੰ ਇਏ ਰਖਣਾ ਹੈ–

ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤ ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ ॥ (੫੯੨)

ਭਾਵ ਇਹ ਕਿ ਜੇ ਅਸਾਂ ਕਿਸੇ ਨਾਲ ਗੱਲਾਂ ਕਰਨੀਆਂ ਹਨ ਤਾਂ ਹਰੀ ਨਾਮ ਵਿਚ ਜੁੜ ਕੇ ਹੀ, ਹਰਿ ਨਾਮ ਨਾਲ ਗੱਲਾਂ ਕਰਨੀਆਂ ਹਨ, ਜੇ ਕੋਈ ਸਲਾਹ-ਮਸ਼ਵਰਾ ਕਰਨਾ ਹੈ ਤਾਂ ਉਹ ਵੀ ਨਾਮ ਵਿਚ ਲੀਨ ਰਹਿ ਕੇ, ਨਾਮ ਤੋਂ ਹੀ ਸੇਧ ਲੈਣੀ ਹੈ। ਅਤੇ ਫਿਰ ਉਠਦਿਆਂ ਬਹਿੰਦਿਆਂ ਬ੍ਰਿਤੀ ਵਿਚ ਇਹੋ ਸਮਾਇਆ ਰਹੇ ਕਿ–

ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ ॥ (੬੨੯)

ਇਹ ਗੱਲ ਅਕਸਰ ਵੇਖਣ ਵਿਚ ਆਉਂਦੀ ਹੈ ਕਿ ਜਦ ਕਦੇ ਕੋਈ ਲੀਡਰ ਜਾਂ ਵੱਡਾ ਆਦਮੀ ਕਿਤੇ ਆਉਂਦਾ ਹੈ ਤਾਂ ਆਏ ਮਹਿਮਾਨ ਦੇ ਸਵਾਗਤ ਲਈ ਖੜੇ ਹੋ ਕੇ ਪੂਰੇ ਸਤਿਕਾਰ ਨਾਲ ਉਸ ਨੂੰ ਨਿਵਾਸ ਦੇਂਦੇ ਹਨ। ਉਸ ਮਹਿਮਾਨ ਦੇ ਸਾਹਮਣੇ ਹਰੇਕ ਹਰਕਤ ਭੈ-ਭਾਵਨੀ ਵਿਚ ਕੀਤੀ ਜਾਂਦੀ ਹੈ, ਹਰੇਕ ਚੀਜ਼ ਬੜੇ ਸੋਹਣੇ ਢੰਗ ਨਾਲ ਸਜਾ ਕੇ ਰਖੀ ਜਾਂਦੀ ਹੈ ਅਤੇ ਆਪ ਵੀ ਸਾਫ ਸੁਥਰੇ ਬਸਤਰਾਂ ਵਿਚ ਹੋਈਦਾ ਹੈ। ਉਥੇ ਕੋਈ ਗੱਲ ਐਸੀ ਨਹੀਂ ਕੀਤੀ ਜਾਂਦੀ ਜੋ ਓਪਰੀ ਜਾਂ ਬੁਰੀ ਲਗਦੀ ਹੋਵੇ। ਜਦ ਉਹ ਪ੍ਰਾਹੁਣਾ ਵਾਪਸ ਜਾਣ ਲਗਦਾ ਹੈ ਤਾਂ ਉਸ ਨੂੰ ਉਥੋਂ ਤਕ ਛਡ ਕੇ ਆਉਂਦੇ ਹਾਂ ਜਿਥੋਂ ਉਸ ਨੇ ਕਾਰ ਜਾਂ ਗਡੀ ਫੜਨੀ ਹੋਵੇ। ਹੁਣ ਸੋਚੀਏ ਕਿ ਲੋਕ ਪਰਲੋਕ ਦੇ ਸਹਾਈ ਸ਼ਹਿਨਸ਼ਾਹ ਸਤਿਗੁਰੂ ਦੇ ਦਰਬਾਰ ਵਿਚ ਜਾ ਕੇ ਸਾਡੇ ਕੀ ਫ਼ਰਜ਼ ਬਣਦੇ ਹਨ। ਜਦੋਂ ਦੀਵਾਨ ਦੀ ਸਮਾਪਤੀ ਹੋਏ ਤਾਂ ਸਾਡਾ ਮੁਖ ਫਰਜ਼ ਬਣਦਾ ਹੈ ਕਿ ਸਤਿਗੁਰੂ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖਾਸਨ ਹੋਣ ਤੇ ਉਨ੍ਹਾਂ ਨੂੰ ਨਿਜ-ਅਸਥਾਨ ਤੇ ਪਹੁੰਚਾ ਕੇ, ਅਸੀਂ ਆਪਣੇ ਘਰਾਂ ਨੂੰ ਮੁੜੀਏ।

ਸਾਡੇ ਸਭਨਾਂ ਲਈ, ਗੁਰੂ ਦਰ-ਘਰ ਦੇ ਮੰਨਣਹਾਰਿਆਂ ਲਈ ਭਾਈ ਗੁਰਦਾਸ ਜੀ ਦਾ ਇਹ ਫੁਰਮਾਨ ਵੀ ਹੈ ਕਿ–

ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ ॥੨॥ (੧੨)

ਗੁਰੂ ਮਹਾਰਾਜ ਦੇ ਪ੍ਰਕਾਸ਼ ਉਤਸ਼ਵ, ਗੁਰ-ਗਦੀ ਦਿਵਸ ਅਤੇ ਜੋਤੀ ਜੋਤਿ ਅਥਵਾ ਸ਼ਹੀਦੀ ਗੁਰਪੁਰਬ ਹਰੇਕ ਗੁਰਸਿੱਖ ਨੂੰ ਸ਼ਰਧਾ ਭਾਵਨੀ ਨਾਲ ਮਨਾਉਣੇ ਬਣਦੇ ਹਨ। ਸਾਡਾ ਮੁਖ ਫ਼ਰਜ਼ ਹੈ ਕਿ ਗੁਰਪੁਰਬ ਵਾਲੇ ਦਿਹਾੜੇ ਉਚੇਚੇ ਤੌਰ ਤੇ ਅੰਮ੍ਰਿਤ ਵੇਲੇ ਦੀ ਸੰਭਾਲ ਤੋਂ ਇਲਾਵਾ ਗੁਰ-ਸੰਗਤ ਵਿਚ ਜੁੜੀਏ ਅਤੇ ਗੁਰਬਾਣੀ-



www.AKJ.Org

# ਸੰਗਤਾਂ ਦੇ ਚਰਨਾਂ ਵਿਖੇ ਬੇਨਤੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਰ ਬਾਰ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਪਕੜਨ ਤੇ ਸਜ਼ਾਵਾਂ ਦੇਣ ਵਲੋਂ ਸਰਕਾਰ ਦੀ ਅਣਗਹਿਲੀ ਅਤੇ ਨਿਰਦੋਸ਼ੇ ਸਿੰਘਾਂ ਤੇ ਢਾਹੇ ਜਾ ਰਹੇ ਜ਼ੁਲਮਾਂ ਆਦਿ ਨੂੰ ਮੁਖ ਰਖ ਕੇ ਅਕਾਲੀ ਦਲ ਵਲੋਂ ਜੋ ਪੰਥਕ ਸ਼ਾਂਤਮਈ ਮੋਰਚਾ ਅਰੰਭ ਕੀਤਾ ਗਿਆ ਹੈ ਉਸ ਵਿਚ ਅਖੰਡ ਕੀਰਤਨੀ ਜਥੇ ਦੇ ਜਥੇਦਾਰ ਭਾਈ ਸਾਹਿਬ ਰਾਮ ਸਿੰਘ ਜੀ ਨੇ ਜਥੇ ਸਮੇਤ ੧੪-੯-੮੨ ਨੂੰ ਗ੍ਰਿਫਤਾਰੀ ਦੇ ਦਿਤੀ ਹੈ। ਜਥੇਦਾਰ ਸਾਹਿਬ ਇਸ ਵਕਤ ਅੰਮ੍ਰਿਤਸਰ ਜੇਲ੍ਹ ਵਿਚ ਹਨ, ਇਸ ਕਰਕੇ ਦਿਲੀ ਸਮਾਗਮ ਤਕ ਧਰਮ-ਯੁਧ ਮੋਰਚਾ ਜਾਰੀ ਰਹਿਣ ਕਰਕੇ ਜੇ ਉਥੇ ਨਾ ਪੁਜ ਸਕੇ ਤਾਂ ਉਥੇ ਹੋਣ ਵਾਲੀ ਮੀਟਿੰਗ ਉਨ੍ਹਾਂ ਦੀ ਰਿਹਾਈ ਤਕ ਮੁਲਤਵੀ ਸਮਝੀ ਜਾਵੇ।

---

[ਸਫ਼ਾ ੩੦ ਦੀ ਬਕੀ]

ਕੀਰਤਨ ਤੇ ਹਰਿ-ਜਸ ਸ੍ਰਵਣ ਕਰਦੇ ਹੋਇਆਂ ਗੁਰੂ ਪਾਤਸ਼ਾਹ ਦੀ ਯਾਦ ਵਿਚ ਅਨੰਦ ਮਾਣੀਏ।

ਮੈਨੂੰ ਇਕ ਬੀਬੀ ਦੀ ਗੱਲ ਯਾਦ ਆ ਗਈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਵਸ ਸੀ। ਪੰਜਾਬ ਭਰ ਵਿਚ ਉਸ ਦਿਨ ਛੁੱਟੀ ਸੀ। ਬੀਬੀ ਗੁਰਪੁਰਬ ਮਨਾਣ ਲਈ ਉਚੇਚੇ ਤੌਰ ਤੇ ਗੁਰੂ-ਦਰ ਤੇ ਜਾ ਕੇ ਸ਼ਹੀਦੀ ਗੁਰਪੁਰਬ ਦੇ ਸੰਬੰਧ ਵਿਚ ਕਥਾ-ਕੀਰਤਨ ਸੁਣਨਾ ਚਾਹੁੰਦੀ ਸੀ। ਪਰ ਉਸ ਦੇ ਸਹੁਰਿਆਂ ਨੇ ਇਹ ਕਹਿ ਕੇ ਉਸ ਨੂੰ ਗੁਰਦੁਆਰੇ ਨਾ ਜਾਣ ਦਿਤਾ ਕਿ ਅੱਜ ਛੁੱਟੀ ਦਾ ਦਿਨ ਹੈ, ਅਸੀਂ ਸਾਰੇ ਘਰ ਇਕੱਠੇ ਮਿਲ ਕੇ ਬੈਠਾਂਗੇ ਅਤੇ ਘਰ ਦਾ ਕੰਮ ਕਾਰ ਕਰਾਂਗੇ। ਉਹ ਬੀਬੀ ਆਪਣੇ ਚਾਅ ਉਮਾਹ ਦਿਲ ਵਿਚ ਹੀ ਦਬਾ ਕੇ ਘਰ ਬੈਠ ਗਈ ਅਤੇ ਗੁਰੂ ਪਾਤਸ਼ਾਹ ਦੇ ਦਰਬਾਰ ਵਿਚ ਗੁਰਪੁਰਬ ਮਨਾਉਣ ਲਈ ਹਾਜ਼ਰੀ ਨਾ ਭਰ ਸਕੀ।

ਸੋਚਣ ਵਾਲੀ ਗੱਲ ਹੈ ਕਿ ਗੁਰਪੁਰਬ ਵਾਲੇ ਦਿਨ ਵੀ ਜੇ ਸਾਨੂੰ ਘਰ ਦੇ ਝੰਬੇਲੇ ਹੀ ਚੰਬੜੇ ਰਹਿਣੇ ਹਨ ਅਤੇ ਗੁਰਪੁਰਬ ਦੀ ਛੁੱਟੀ ਵੀ ਜੇ ਅਸਾਂ ਘਰੋਗੀ ਮਹਿਫ਼ਲਾਂ ਵਿਚ ਅਜਾਈਂ ਗੁਆ ਦੇਣੀ ਹੈ ਤਾਂ ਅਸਾਂ ਗੁਰੂ-ਚਰਨਾਂ ਨਾਲ ਕਦ ਜੁੜਨਾ ਹੈ? ਇਹ ਮਨੁਖਾ ਦੇਹੀ ਇਸ ਲਈ ਨਹੀਂ ਮਿਲੀ ਕਿ—

ਰਾਤਿ ਜਿ ਸੋਵਹਿ ਦਿਨ ਕਰਹਿ ਕਾਮ ॥ ਇਕੁ ਖਿਨੁ ਲੇਹਿ ਨ ਹਰਿ ਕੋ ਨਾਮ ॥੨॥(੩੨੬)

ਸਗੋਂ ਪੰਚਮ ਪਾਤਸ਼ਾਹ ਜੀ ਦਾ ਸਾਡੇ ਪ੍ਰਤੀ ਸਪੱਸ਼ਟ ਹੁਕਮ ਹੈ—

ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥<br>
ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥੧॥ (੧੨)

ਅਤੇ— ਅਬ ਨ ਭਜਸਿ ਭਜਸਿ ਕਬ ਭਾਈ ॥ ਆਵੈ ਅੰਤੁ ਨ ਭਜਿਆ ਜਾਈ ॥<br>
ਜੋ ਕਿਛੁ ਕਰਹਿ ਸੋਈ ਅਬ ਸਾਰੁ ॥ ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥ (੧੧੫੯)

ਸੋ ਇਸ ਮਨੁਖਾ ਜਨਮ ਨੂੰ ਸਫਲਾ ਕਰਨ ਲਈ ਨਿਤ ਸਤਸੰਗਤ ਵਿਚ ਜਾਣਾ ਅਤੇ ਗੁਰੂ ਵਾਲੇ ਬਣਨਾ ਅਤਿ ਜ਼ਰੂਰੀ ਹੈ। ਬਸ ਕੇਵਲ ਇਉਂ ਹੀ ਗੁਰੂ ਦੀ ਦਸੀ ਕਾਰ ਕਮਾ ਕੇ ਅਸੀਂ ਆਪਣਾ ਲੋਕ ਪਰਲੋਕ ਸਵਾਰ ਸਕਦੇ ਹਾਂ।

---

# ਪਿੰਡ ਮਨੌਲੀ (ਰੋਪੜ ਵਿਖੇ) ਰੈਣ ਸਬਾਈ ਕੀਰਤਨ

ਗਿ: ਬਚਿੰਤ ਸਿੰਘ ਜੀ ਮਨੌਲੀ ਸੂਚਿਤ ਕਰਦੇ ਹਨ ਕਿ ਉਨ੍ਹਾਂ ਦੇ ਪਿੰਡ ਵਿਖੇ ੯ ਅਕਤੂਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ, ਅਖੰਡ ਕੀਰਤਨ ਜਥਾ ਤਹਿਸੀਲ ਖਰੜ ਵਲੋਂ ਹੋ ਰਹੇ ਹਨ। ਚੰਡੀਗੜ੍ਹ ਤੋਂ ਮਨੌਲੀ ਲਈ ਬਸ-ਸਟੈਂਡ ੧੭ ਸੈਕਟਰ ਤੋਂ ਬਸ ੨ ਵਜੇ ਦੁਪਹਿਰ ਅਤੇ ੫-੪੫ ਸ਼ਾਮ ਨੂੰ ਮਿਲਦੀ ਹੈ।



www.AKJ.Org

# ਤਸਵੀਰਾਂ ਕਿ ਬੁੱਤ

[ਸ: ਦਰਸ਼ਨ ਸਿੰਘ ਜੀ ਨਨਕਾਣਾ ਸਾਹਿਬ ਵਾਲੇ, ੭੧੦-ਸੁਦਰਸ਼ਨ ਪਾਰਕ, ਨਵੀਂ ਦਿਲੀ ੧੫]

ਗੁਰੂ ਸਾਹਿਬਾਨ ਜੀ ਦੀਆਂ ਤਸਵੀਰਾਂ ਘਰਾਂ ਵਿਚ ਰਖਣਾ ਬੁੱਤਾਂ ਦਾ ਘਰਾਂ ਵਿਚ ਰਖਣਾ ਹੈ। ਗੁਰੂ ਸਾਹਿਬਾਨ ਦੀਆਂ ਤਸਵੀਰਾਂ ਦੀ ਪੂਜਾ ਕਰਨੀ ਬੁੱਤਾਂ ਦੀ ਪੂਜਾ ਕਰਨੀ ਹੈ।

ਗੁਰੂ ਸਾਹਿਬਾਨ ਜੀ ਦੀਆਂ ਕਈ ਪ੍ਰਕਾਰ ਦੀਆਂ ਤਸਵੀਰਾਂ ਸਾਡੇ ਘਰਾਂ ਵਿਚ ਅਥਵਾ ਦੁਕਾਨਾਂ ਤੇ ਵੇਖੀਆਂ ਜਾਂਦੀਆਂ ਹਨ। ਇਹਨਾਂ ਤਸਵੀਰਾਂ ਨੂੰ ਹਾਰ ਪਾਏ ਜਾਂਦੇ ਹਨ, ਫੁਲ ਚੜ੍ਹਾਏ ਜਾਂਦੇ ਅਥਵਾ ਮਥੇ ਟੇਕੇ ਜਾਂਦੇ ਹਨ। ਇਥੇ ਹੀ ਬਸ ਨਹੀਂ, ਮੇਰਠ ਦੇ ਇਕ ਗੁਰਦਵਾਰੇ ਵਿਚ ਗੁਰੂ ਨਾਨਕ ਦੇਵ ਜੀ ਦਾ ਬੁੱਤ ਵੀ ਸਥਾਪਤ ਕੀਤਾ ਗਿਆ ਸੀ, ਜਿਹਦੇ ਲਈ ਸਿੱਖ ਜਨਤਾ ਵਿਚ ਕਾਫ਼ੀ ਰੋਸ ਉਠਿਆ। ਤੇ ਉਹ ਬੁੱਤ ਉਠਾਇਆ ਗਿਆ।

ਕਈਆਂ ਘਰਾਂ ਦੀਆਂ ਡਾਟਾਂ ਉਪਰ ਗੁਰੂ ਨਾਨਕ ਦੇਵ ਜੀ ਦਾ ਬੁੱਤ ਉਕਰਿਆ ਹੋਇਆ ਹੈ। ਬਸਾਂ ਅਤੇ ਟਰੱਕਾਂ ਵਿਚ ਡਰਾਈਵਰ ਵੀਰਾਂ ਦੇ ਸਾਹਮਣੇ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਤਸਵੀਰਾਂ ਸ਼ੀਸੇ ਵਿਚ ਜੜੀਆਂ ਰਖੀਆਂ ਹੋਈਆਂ ਹਨ। ਡਰਾਈਵਰ ਵੀਰ ਇਹਨਾਂ ਤਸਵੀਰਾਂ ਅਥਵਾ ਬੁੱਤਾਂ ਨੂੰ ਮਥਾ ਟੇਕਦੇ ਹਨ ਅਤੇ ਹਾਰ ਪਾਉਂਦੇ ਹਨ।

ਉਪਰੋਕਤ ਗੱਲਾਂ ਇਸ ਲਈ ਹੋ ਰਹੀਆਂ ਹਨ ਕਿਉਂਕਿ ਅਸਾਂ ਗੁਰਮਤਿ ਨੂੰ ਨਹੀਂ ਸਮਝਿਆ। ਗੁਰਮਤਿ ਤਾਂ ਇਹੋ ਜਿਹੇ ਕਰਮ-ਕਾਂਡਾਂ ਦਾ ਭਰਪੂਰ ਖੰਡਨ ਕਰਦੀ ਹੈ। ਟੂਕ ਮਾਤਰ ਕੁਝ ਕੁ ਪ੍ਰਮਾਣ ਇਸ ਪ੍ਰਕਾਰ ਹਨ—

ੳ) ਕੋਊ ਬੁਤਾਨ ਕੋ ਪੂਜਤ ਹੈ ਪਸੁ, ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥੧੦॥ ਸਵਯੇ ਪਾ: ੧੦

ਅ) ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥
ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ ॥੧॥

ੲ) ਮਨ ਰੇ ਸੰਸਾਰੁ ਅੰਧ ਗਹੇਰਾ ॥ ਚਹੁ ਦਿਸ ਪਸਰਿਓ ਹੈ ਜਮ ਜੇਵਰਾ ॥੧॥ਰਹਾਉ॥
ਸੋਰਠਿ ਭਗਤ ਕਬੀਰ ਜੀ, ਪੰਨਾ ੬੫੪

ਸ) ਕਬੀਰ ਪਾਹਨੁ ਪਰਮੇਸੁਰ ਕੀਆ ਪੂਜੈ ਸਭੁ ਸੰਸਾਰੁ ॥
ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ ॥ ੧੩੬॥ ਸਲੋਕ ਕਬੀਰ ਜੀ, ਪੰਨਾ ੧੩੭੧

ਗੁਰੂ ਘਰ ਵਿਚ ਬੁੱਤ ਪੂਜਣਾ ਸਖ਼ਤ ਵਰਜਿਤ ਹੈ। ਬੁੱਤ ਦੀ ਤਾਰੀਫ਼ ਹੈ ਅਸਲ ਦੀ ਨਕਲ। ਭਾਵੇਂ ਉਹ ਪੱਥਰ ਦੀ ਹੋਵੇ, ਮਿੱਟੀ ਦੀ ਹੋਵੇ, ਕਾਗਜ਼ ਤੇ ਛਪੀ ਹੋਵੇ ਜਾਂ ਚਿਤ੍ਰਕਾਰੀ ਦੇ ਰੂਪ ਵਿਚ ਹੋਵੇ। ਬੁੱਤ ਤੇ ਤਸਵੀਰ ਵਿਚ ਕੇਵਲ ਇਤਨਾ ਕੁ ਹੀ ਅੰਤਰ ਹੈ ਕਿ ਬੁੱਤ ਦੀ ਲੰਬਾਈ, ਚੌੜਾਈ ਅਤੇ ਮੋਟਾਈ ਹੁੰਦੀ ਹੈ ਤੇ ਤਸਵੀਰ ਦੀ ਕੇਵਲ ਲੰਬਾਈ ਤੇ ਚੌੜਾਈ ਹੀ ਹੁੰਦੀ ਹੈ। ਗੁਰੂ ਘਰ ਵਿਚ ਬੁੱਤਾਂ ਜਾਂ ਤਸਵੀਰਾਂ ਦੀ ਪੂਜਾ ਤਾਂ ਕਿਤੇ ਰਹੀ, ਕਿਸੇ ਵਿਅਕਤੀ ਦੀ ਪੂਜਾ ਵੀ ਮਨਮਤ ਹੈ, ਭਾਵੇਂ ਉਹ ਕਿਤਨਾ ਹੀ ਮਹਾਨ ਕਿਉਂ ਨਾ ਹੋਵੇ। ਤੱਤ ਵਸਤੂ ਜੋਤਿ ਹੈ, ਨਾ ਕਿ ਸਰੀਰ।

ਭਾਈ ਲਹਿਣਾ ਜੀ ਜਦੋਂ ਇਕ ਸੇਵਕ ਦੇ ਰੂਪ ਵਿਚ ਸਨ, ਤਾਂ ਇਹ ਕੇਵਲ ਸੇਵਕ ਹੀ ਸਨ। ਪਰ ਜਦ ਗੁਰੂ ਨਾਨਕ ਦੇਵ ਜੀ ਦੀ ਜੋਤਿ ਦਾ ਪ੍ਰਕਾਸ਼ ਭਾਈ ਲਹਿਣਾ ਜੀ ਵਿਚ ਹੋਇਆ ਤਦੋਂ ਆਪ ਜੀ ਦੀ ਪੂਜਾ ਹੋਣ ਲਗ ਪਈ। ਸਰੀਰ ਵਿਚ ਕੋਈ ਪਰਿਵਰਤਨ ਨਹੀਂ ਸੀ ਹੋਇਆ।

ਗੁਰੂ ਨਾਨਕ ਦੇਵ ਜੀ ਦੀ ਅਸਲ ਤਸਵੀਰ ਕੋਈ ਹੈ ਹੀ ਨਹੀਂ। ਜੋ ਤਸਵੀਰਾਂ ਵੇਖੀਆਂ ਜਾਂਦੀਆਂ ਹਨ, ਉਹ ਕਲਾਕਾਰਾਂ ਦੇ ਆਪਣੇ ਹੁਨਰ ਦਾ ਮਨੋਕਲਪਤ ਪ੍ਰਗਟਾਵਾ ਹੈ। ਅਸਲ ਤਸਵੀਰ ਵੀ ਜੇ ਹੁੰਦੀ ਤਾਂ ਉਹ ਵੀ



www.AKJ.Org

ਪੂਜਣੀ ਮਨਮਤ ਹੈ, ਕਿਉਂਕਿ ਉਹ ਨਕਲ ਹੈ। ਇਸ ਪ੍ਰਕਾਰ ਭਾਂਤ ਭਾਂਤ ਦੀਆਂ ਤਸਵੀਰਾਂ ਬਨਾਉਣੀਆਂ ਹੋਰ ਵੀ ਘੋਰ ਮਨਮਤ ਹੈ। ਦੇਖਣ ਨੂੰ ਇਹ ਗੱਲ ਬੜੀ ਸਾਧਾਰਨ ਜਹੀ ਪ੍ਰਤੀਤ ਹੁੰਦੀ ਹੈ ਤੇ ਕਿਹਾ ਜਾਂਦਾ ਹੈ ਕਿ ਗੁਰੂ ਜੀ ਦੇ ਦਰਸ਼ਨ ਹੋ ਰਹੇ ਹਨ, ਪਰੰਤੂ ਆਉਣ ਵਾਲੇ ਸਮੇਂ ਵਿਚ ਇਸ ਦੇ ਸਿੱਟੇ ਬੜੇ ਭਿਆਨਕ ਸਿਧ ਹੋਣਗੇ, ਜਿਸ ਤਰ੍ਹਾਂ ਕਿ ਸਾਡੇ ਹਿੰਦੂ ਵੀਰ ਬੁੱਤ-ਪੂਜ ਹਨ, ਇਸ ਤਰ੍ਹਾਂ ਸਿੱਖ ਕੌਮ ਵੀ ਬੁੱਤ-ਪੂਜ ਬਣ ਕੇ ਰਹਿ ਜਾਵੇਗੀ।

ਸ੍ਰੀ ਰਾਮ ਚੰਦਰ ਤੇ ਸ੍ਰੀ ਕ੍ਰਿਸ਼ਨ ਚੰਦਰ ਜੀ ਦੀ ਅਸਲ ਤਸਵੀਰ ਵੀ ਕੋਈ ਨਹੀਂ। ਉਹਨਾਂ ਦੀ ਪੂਜਾ ਵੀ ਮਨੋਕਲਪਤ ਬੁੱਤਾਂ ਤੇ ਤਸਵੀਰਾਂ ਰਾਹੀਂ ਕੀਤੀ ਜਾਂਦੀ ਹੈ। ਨਾਟਕਾਂ ਤੇ ਸਟੇਜਾਂ ਉਪਰ ਹਰ ਨਥੂ-ਖੈਰਾ, ਭਾਵੇਂ ਉਸ ਦਾ ਜੀਵਨ ਕਿਤਨਾ ਹੀ ਘਟੀਆ ਕਿਉਂ ਨਾ ਹੋਵੇ, ਸ੍ਰੀ ਰਾਮ ਚੰਦਰ ਤੇ ਸ੍ਰੀ ਕ੍ਰਿਸ਼ਨ ਜੀ ਦਾ ਪਾਰਟ ਅਦਾ ਕਰਦਾ ਦਿਖਾਇਆ ਜਾਂਦਾ ਹੈ। ਆਮ ਲੁਕਾਈ ਓਹਨਾਂ ਨੂੰ ਸ਼ਰਧਾ ਵਜੋਂ ਸਾਖਸ਼ਾਤ ਅਵਤਾਰ ਜਾਣ ਕੇ ਮਥੇ ਟੇਕਦੀ ਹੈ।

ਦੂਜੇ ਪਾਸੇ ਸਾਡੇ ਮੁਸਲਮਾਨ ਵੀਰ ਹਨ। ਉਹ ਆਪਣੇ ਧਰਮ ਦੇ ਇਤਨੇ ਪਕੇ ਹਨ ਕਿ ਉਹਨਾਂ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੀ ਤਸਵੀਰ ਜਾਂ ਬੁੱਤ ਕੋਈ ਨਹੀਂ ਬਣਾ ਸਕਦਾ, ਅਥਵਾ ਕਿਸੇ ਵੀ ਕਲਾਕਾਰ ਨੇ ਉਹਨਾਂ ਦੀਆਂ ਤਸਵੀਰਾਂ ਬਨਾਉਣ ਦੀ ਜੁਰਅਤ ਨਹੀਂ ਕੀਤੀ। ਪਰੰਤੂ ਕਿਥੇ ਅਸੀਂ ਹਾਂ ਕਿ ਸਾਡੇ ਇਤਿਹਾਸਕ ਗੁਰਦੁਆਰਿਆਂ ਵਿਚ, ਸਾਡੇ ਤਖ਼ਤ ਸਾਹਿਬਾਨ ਉਤੇ ਤਸਵੀਰਾਂ ਨੂੰ ਮਥੇ ਟੇਕੇ ਜਾਂਦੇ ਹਨ, ਫੁੱਲਾਂ ਦੇ ਹਾਰ ਪਾਏ ਜਾਂਦੇ ਹਨ, ਮਾਇਆ ਭੇਟ ਕੀਤੀ ਜਾਂਦੀ ਹੈ। ਮੁਸਲਮਾਨੀ ਕਹਾਵਤ ਅਨੁਸਾਰ—ਚੂੰ ਕੁਫ਼ਰ ਅਜ਼ ਕਾਬਾ ਮੇ ਬਰਖ਼ੇਜ਼ਦ, ਕੁਜਾ ਬਾਸ਼ਦ ਮੁਸਲਮਾਨੀ।'' 'ਜੇਕਰ ਕਾਬੇ ਵਿਚੋਂ ਹੀ ਕੁਫ਼ਰ ਨਿਕਲੇ ਤਾਂ ਮੁਸਲਮਾਨੀ ਕਿਸ ਤਰ੍ਹਾਂ ਬਚ ਸਕਦੀ ਹੈ।' ਇਹੋ ਗੱਲ ਸਾਡੇ ਨਾਲ ਹੋ ਰਹੀ ਹੈ।

ਉਪਰੋਕਤ ਮਨਮਤ ਦਾ ਕਾਰਨ ਕੇਵਲ ਇਹ ਹੈ ਕਿ ਅਸੀਂ ਸਿਰਫ਼ ਜ਼ਬਾਨੀ ਕਹਿਣ ਨੂੰ ਹੀ ਗੁਰੂ ਗਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਅਥਵਾ ਇਸ਼ਟ ਮੰਨਦੇ ਹਾਂ, ਵਰਤੋਂ ਕਰਕੇ ਅਸੀਂ ਹਰਗਿਜ਼ ਹਰਗਿਜ਼ ਗੁਰੂ ਨਹੀਂ ਮੰਨਦੇ। ਗੁਰਬਾਣੀ ਸਪਸ਼ਟ ਤੌਰ ਤੇ ਕਹਿੰਦੀ ਹੈ—

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥

ਨਟ ਮ: ੪, ਪੰਨਾ ੯੮੨

ਤੇ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਇਹ ਸਾਫ ਤੌਰ ਤੇ ਕਿਹਾ ਹੈ ਕਿ—

ਗੁਰ ਮੂਰਤਿ ਗੁਰ ਸਬਦ ਹੈ ਸਾਧ ਸੰਗਤਿ ਵਿਚਿ ਪਰਗਟੀ ਆਇਆ ॥

ਵਾਰ ੨੪, ਪਉੜੀ ੨੫

ਭਾਵ, ਗੁਰੂ ਦੀ ਤਸਵੀਰ ਗੁਰੂ ਦਾ ਸ਼ਬਦ ਹੈ ਅਤੇ ਉਹ ਸ਼ਬਦ ਗੁਰੂ ਦੀ ਸੰਗਤ ਰਾਹੀਂ ਪ੍ਰਗਟ ਹੁੰਦਾ ਹੈ।

ਗੁਰੂ ਕੀ ਮੂਰਤਿ ਮਨ ਮਹਿ ਧਿਆਨ ॥ ਗੋਂਡ ਮ: ੫, ਪੰਨਾ ੮੬੪

ਭਾਵ ਗੁਰੂ ਦੇ ਸ਼ਬਦ ਦੀ ਵੀਚਾਰ ਦਾ ਹੀ ਮਨ ਵਿਚ ਧਿਆਨ ਧਰਨਾ ਹੈ।

੨੦ ਫ਼ਰਵਰੀ ੧੯੩੪ ਨੂੰ ਅਤੇ ੭ ਅਗਸਤ ੧੯੪੦ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਸਥਾਪਿਤ ਧਾਰਮਕ ਸਲਾਹਕਾਰ ਕਮੇਟੀ ਵਲੋਂ, ਜਿਸ ਵਿਚ ਪੰਥ ਦੇ ਪ੍ਰਸਿਧ ਵਿਦਵਾਨ ਭਾਈ ਸਾਹਿਬ ਕਾਹਨ ਸਿੰਘ ਜੀ ਨਾਭਾ, ਭਾਈ ਜੋਧ ਸਿੰਘ ਜੀ, ਪ੍ਰੋ. ਤੇਜਾ ਸਿੰਘ ਜੀ ਐਮ. ਏ., ਪ੍ਰਿੰਸੀਪਲ ਧਰਮਾਨੰਤ ਸਿੰਘ ਜੀ, ਅਤੇ ਜਥੇਦਾਰ ਮੋਹਨ ਸਿੰਘ ਜੀ ਸਨ, ਇਹ ਮਤੇ ਪਾਸ ਕੀਤੇ ਸਨ ਕਿ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਬਨਾਉਣੀਆਂ ਮਨਮਤ ਹੈ।

[ਬਾਕੀ ਦੇਖੋ ਸਫ਼ਾ ੩੪ ਦੇ ਹੇਠ]



www.AKJ.Org

# ਸਿੰਘਾਂ ਵਿਚ ਛੇਦਕ ਗਹਿਣੇ

[ਸ: ਹਰਬੰਸ ਸਿੰਘ ਜੀ ਲਾਇਲਪੁਰੀ, E.Q.311 ਰੈਣਕ ਬਜ਼ਾਰ, ਜਲੰਧਰ]

ਪੰਜਾਬ ਵਿਚ ਸਿਖ ਰਾਜ ਤੋਂ ਪਿਛੋਂ ਜੋ ਮਾੜੀ ਦਸ਼ਾ ਖਾਲਸੇ ਦੀ ਹੋਈ, ਉਸਦੇ ਸੁਧਾਰ ਲਈ ਪੰਥ-ਦਰਦੀਆਂ ਨੇ ੧੮੭੩ ਈ: ਵਿਚ ਸਿੰਘ ਸਭਾ ਦੇ ਨਾਂ ਹੇਠ ਇਕੱਠੇ ਹੋ ਕੇ ਪ੍ਰਚਾਰ ਅਰੰਭ ਕੀਤਾ। ਗੁਰਦੁਆਰਾ ਪ੍ਰਬੰਧ ਸੁਧਾਰ ਲਈ ਵੀ, ਜੋ ਅਕਾਲੀ ਲਹਿਰ ਦੇ ਰੂਪ ਵਿਚ ਸਾਕਾਰ ਹੋਇਆ, ਸਿੰਘ ਸਭਾ ਲਹਿਰ ਦੇ ਪ੍ਰਚਾਰ ਦਾ ਸਦਕਾ ਸਿੰਘਾਂ ਵਿਚ ਜਾਗਰਤੀ ਆਈ। ਥਾਂ ਥਾਂ ਪਿੰਡਾਂ, ਨਗਰਾਂ, ਸ਼ਹਿਰਾਂ ਵਿਚ ਧਰਮਸ਼ਾਲਾਂ, ਗੁਰਦੁਆਰਿਆ ਤੇ ਨਿਸ਼ਾਨ ਸਾਹਿਬ ਝੁਲਾਏ ਗਏ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ, ਸ਼ਾਮ ਨੂੰ ਸੋਦਰ ਰਹਿਰਾਸ ਦੇ ਦੀਵਾਨਾਂ ਵਿਚ ਗੁਰਮਤਿ ਦਾ ਪ੍ਰਚਾਰ ਮੋਹਲੇਧਾਰ ਬਾਰਸ਼ ਵਾਂਗੂ ਹੋਇਆ। ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਤੇ ਸੇਵਾ ਜੋ ਮੁਗ਼ਲ ਰਾਜ ਦੇ ਸਮੇਂ ਤੋਂ ਉਦਾਸੀ ਤੇ ਨਿਰਮਲੇ ਸਾਧੂ ਕਰ ਰਹੇ ਸਨ, ਮਾਇਆ ਦੀ ਬਹੁਤਾਤ ਵਿਚ ਉਹ ਸਾਧੂ ਵਿਸ਼ੇ ਵਿਕਾਰੀ ਹੋ ਗਏ। ਖਾਲਸੇ ਨੇ ਗੁਰਦੁਆਰੇ ਪੰਥਕ ਪ੍ਰਬੰਧ ਹੇਠ ਲਿਆਵਣ ਲਈ ਜਦੋ-ਜਹਿਦ ਅਰੰਭ ਕੀਤੀ। ਵਡੀਆਂ ਕੁਰਬਾਨੀਆਂ ਪਿਛੋਂ ਗੁਰਦੁਆਰਿਆਂ ਦਾ ਪ੍ਰਬੰਧ ਖਾਲਸਾ ਪੰਥ ਦੀ ਚੁਣੀ ਹੋਈ ਕਮੇਟੀ, ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਹੱਥ ਸੌਂਪਿਆ ਗਿਆ।

ਅੰਤ ਸਿੰਘ ਸਭਾ ਦੇ ਪ੍ਰਚਾਰ ਸਦਕਾ ਅੰਮ੍ਰਿਤ-ਪ੍ਰਚਾਰ ਲਹਿਰ ਚਲੀ। ਉਸ ਸਮੇਂ ਸਿੰਘ ਸਿੰਘਣੀਆਂ ਪ੍ਰਵਾਰਾਂ ਸਮੇਤ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਸਜੇ। ਅੰਮ੍ਰਿਤ ਸਿਚਾਰ ਸਮੇਂ ਮਾਈਆਂ ਬੀਬੀਆਂ ਨੂੰ ਦਸਮੇਸ਼ ਪਿਤਾ ਜੀ ਦੀ ਦ੍ਰਿੜ੍ਹਾਈ ਗਈ ਰਹਿਤ-ਬਹਿਤ ਅਨੁਸਾਰ ਸਪਸ਼ਟ ਕੀਤਾ ਗਿਆ ਕਿ ਨੱਕ, ਕੰਨ ਛੇਦ ਕੇ ਗਹਿਣੇ ਨਹੀਂ ਪਾਣੇ। ਜਿਨ੍ਹਾਂ ਪਾਏ ਹੋਏ ਹੁੰਦੇ ਉਨ੍ਹਾਂ ਤੋਂ ਉਹ ਉਤਰਵਾ ਕੇ ਪੰਜਾਂ ਪਿਆਰਿਆਂ ਵਲੋਂ ਦਸਮੇਸ਼ ਜੀ ਦੇ ਹੁਕਮ ਅਨੁਸਾਰ ਖੰਡੇ ਬਾਟੇ ਵਿਚ ਤਿਆਰ ਕੀਤੇ ਅੰਮ੍ਰਿਤ ਦੀ ਦਾਤ ਬਖਸ਼ਸ਼ ਕੀਤੀ ਜਾਂਦੀ।

ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਸਿਖ ਰਹਿਤ ਮਰਯਾਦਾ ਦੇ ਨਿਰਮਾਣ ਲਈ ੧੯੩੧ ਵਿਚ ਪੰਥਕ ਵਿਦਵਾਨਾਂ, ਸਿਖ ਸੰਸਥਾਵਾਂ ਦੀ ਇਕਤ੍ਰਤਾ ਬੁਲਾਈ ਗਈ, ਕਈ ਇਕਤ੍ਰਤਾਵਾਂ ਪਿਛੋਂ ਕਈ ਸਾਲ ਲਗਾ ਕੇ

---

[ਸਫ਼ਾ ੩੩ ਦੀ ਬਾਕੀ]

ਗੁਰੂ ਸਾਹਿਬਾਨ ਦੀਆਂ ਤਸਵੀਰਾਂ ਸਟੇਜਾਂ ਤੇ ਫਿਲਮਾਂ ਆਦਿਕ ਵਿਚ ਨਹੀਂ ਆਉਣੀਆਂ ਚਾਹੀਦੀਆਂ। ਇਹ ਮਤੇ ਕੇਵਲ ਦਫ਼ਤਰ ਦੀਆਂ ਫ਼ਾਈਲਾਂ ਵਿਚ ਹੀ ਧਰੇ ਰਹਿ ਗਏ ਹਨ, ਕਿਉਂਕਿ ਸਾਡੇ ਅਖਉਤੀ ਧਾਰਮਕ ਆਗੂਆਂ ਨੂੰ ਧਰਮ ਵਲ ਚਲਣ ਜਾਂ ਚਲਾਉਣ ਲਈ ਸਮਾਂ ਹੀ ਨਹੀਂ।

ਧਾਰਮਕ ਆਗੂਆਂ ਦੀ ਇਸ ਢਿਲ ਦਾ ਨਤੀਜਾ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕੇਵਲ ਇਕ ਬਿਉਪਾਰ ਹੀ ਬਣ ਗਿਆ ਹੈ। ਅਖੰਡਪਾਠ, ਸਾਧਾਰਨ ਪਾਠ, ਕੀਰਤਨ ਦਰਬਾਰ, ਕਵੀ ਦਰਬਾਰ ਪੰਡਤਾਂ ਵਾਂਗ ਇਕ ਖ਼ਾਸ ਸ਼ਰੇਣੀ ਦੇ ਹਿਸੇ ਦਾ ਹੀ ਰੋਜ਼ਗਾਰ ਬਣ ਗਿਆ ਹੈ। ਆਮ ਸਿੱਖ ਜਨਤਾ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਅਭਿਆਸ ਨਾ ਹੋਣ ਦੇ ਬਰਾਬਰ ਹੈ। ਇਸੇ ਲਈ ਅਸੀਂ ਗੁਰਬਾਣੀ ਦੇ ਸੂਖਮ ਵਿਚਾਰਾਂ ਨੂੰ ਸੂਖਮ ਅੱਖਾਂ ਨਾ ਹੋਣ ਕਰਕੇ ਸਮਝਣ ਤੋਂ ਅਸਮਰੱਥ ਹੋ ਗਏ ਹਾਂ, ਤੇ ਇਨ੍ਹਾਂ ਸਥੂਲ ਅੱਖਾਂ ਰਾਹੀਂ ਮਨ ਦੇ ਪ੍ਰਚਾਵੇ ਲਈ ਇਨ੍ਹਾਂ ਸਥੂਲ ਤਸਵੀਰਾਂ ਅਥਵਾ ਬੁੱਤਾਂ ਦਾ ਸਹਾਰਾ ਲਿਆ ਜਾ ਰਿਹਾ ਹੈ।

ਗੁਰਮਤਿ ਨੂੰ ਸਮਝਣ ਤੇ ਸਮਝਾਉਣ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਵਿਚਾਰ ਸਹਿਤ ਕਰਨ ਦੀ ਲੋੜ ਹੈ। "ਗੁਰ ਮੂਰਤਿ ਗੁਰ ਸਬਦੁ ਹੈ" ਨੂੰ ਆਪਣਾ ਜੀਵਨ-ਨਿਸ਼ਾਨਾ ਬਣਾ ਕੇ ਤਸਵੀਰਾਂ ਅਥਵਾ ਬੁੱਤਾਂ ਨੂੰ ਪੂਜਣਾ ਬੰਦ ਕਰ ਦੇਈਏ। ਤਾਂ ਹੀ ਸਹੀ ਅਰਥਾਂ ਵਿਚ ਅਸੀਂ ਗੁਰੂ ਜੀ ਦੇ ਸਿਦਕੀ ਸਿਖ ਅਖਵਾਣ ਦੇ ਹਕਦਾਰ ਹੋਵਾਂਗੇ।



www.AKJ.Org

ਵਿਚਾਰ-ਵਟਾਂਦਰੇ ਨਾਲ ਜੋ ਫੈਸਲੇ ਹੋਏ, ਉਹ ਸ਼੍ਰੋਮਣੀ ਕਮੇਟੀ ਨੇ "ਸਿਖ ਰਹਿਤ ਮਰਯਾਦਾ" ਦੇ ਨਾਮ ਹੇਠ ਟਰੈਕਟ ਦੇ ਰੂਪ ਵਿਚ ਪ੍ਰਕਾਸ਼ਤ ਕੀਤੇ। ਇਹ ਟਰੈਕਟ ਹਰ ਗੁਰਸਿਖ ਪ੍ਰਵਾਰ ਨੂੰ ਪੜ੍ਹਨਾ ਚਾਹੀਦਾ ਹੈ। ਉਸਦੇ ਪੰਨਾ ੩੨,੩੩ ਤੇ ਅੰਮ੍ਰਿਤ-ਸੰਸਕਾਰ ਦੇ ਸਿਰਲੇਖ ਹੇਠ ਜੋ ਵਿਧੀ ਲਿਖੀ ਹੈ ਉਸ ਵਿਚ ਛੇਦਕ-ਗਹਿਣਿਆਂ ਦੀ ਮਨਾਹੀ ਕੀਤੀ ਹੈ। ਇਹ ਮਰਯਾਦਾ ਸਿਖ ਪੰਥ ਵਿਚ ਕਈ ਸਾਲ ਚਲਦੀ ਰਹੀ।

ਪੰਜਾਬ ਦੀ ਵੰਡ ਪਿਛੋਂ ਕੁਝ ਆਗੂਆਂ ਦੀ ਢਿਲ, ਕੁਝ ਸਮੇਂ ਦਾ ਪ੍ਰਭਾਵ, ਫਿਰ ਸਿੱਖ ਨੌਜੁਆਨ ਬੱਚੇ ਬੱਚੀਆਂ ਦੀ ਫ਼ੈਸ਼ਨ-ਪ੍ਰਸਤੀ, ਸਿਨਮੇ ਦੇ ਪ੍ਰਭਾਵ, ਗੰਦਾ ਲਿਟਰੇਚਰ, ਸਿੱਖ ਸਕੂਲਾਂ-ਕਾਲਜਾਂ ਵਿਚ ਧਾਰਮਕ ਵਿਦਿਆ ਦੀ ਘਾਟ, ਸਿਖ ਆਗੂਆਂ ਦੀ ਰਹਿਤ ਮਰਯਾਦਾ ਵਲੋਂ ਅਰੁਚੀ, ਦਾ ਅਸਰ ਇਹ ਹੋਇਆ ਹੈ ਕਿ ਨਵੀਂ ਪੀੜ੍ਹੀ ਅੰਮ੍ਰਿਤ ਛਕਣ ਤੋਂ ਹੀ ਮੁਨਕਰ ਹੋ ਰਹੀ ਹੈ, ਸਿੱਖ ਨੌਜਵਾਨ ਦਾੜ੍ਹੀਆਂ ਕੇਸਾਂ ਦੀ ਬੇਅਦਬੀ ਕਰ ਰਹੇ ਹਨ, ਬੀਬੀਆਂ ਕੇਸਾਂ ਨੂੰ ਕਈ ਤਰ੍ਹਾਂ ਨਾਲ ਕਟਾ ਕੇ, ਭਰਵਟੇ ਮਸ਼ੀਨਾਂ ਰਾਹੀਂ ਮੁਨਾ ਕੇ, ਨਵੇਂ ਤੋਂ ਨਵੇਂ ਫ਼ੈਸ਼ਨ ਕਰ ਰਹੀਆਂ ਹਨ। ਇਸ ਦਸ਼ਾ ਨੂੰ ਵੇਖ ਕੇ ਵੀ ਪੰਥ ਦੇ ਆਗੂ ਚੁਪ ਹਨ, ਕਿਉਂਕਿ ਉਹ ਤੇ ਜਥੇਦਾਰੀਆਂ, ਗੁਰਦਵਾਰਿਆਂ ਦੀਆਂ ਪ੍ਰਧਾਨਗੀਆਂ, ਲੋਕ ਤੇ ਰਾਜ ਸਭਾ ਅਤੇ ਅਸੈਂਬਲੀਆਂ ਦੀਆਂ ਮੈਂਬਰੀਆਂ, ਵਜ਼ੀਰੀਆਂ ਦੀ ਲਾਲਸਾ ਪੂਰੀ ਕਰਨ ਲਈ ਨਸੇ ਭਜੇ ਫਿਰਦੇ ਹਨ।

ਜਿਨ੍ਹਾਂ ਜਥੇਬੰਦੀਆਂ ਨੇ ਹੁਣ ਅੰਮ੍ਰਿਤ ਪ੍ਰਚਾਰ ਦਾ ਕਾਰਜ ਅਰੰਭ ਕੀਤਾ ਹੋਇਆ ਹੈ (ਸਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ) ਉਹ ਅੰਮ੍ਰਿਤ ਅਭਿਲਾਖੀ ਸਜਨਾਂ ਨੂੰ ਇਹ ਦਸਦੇ ਹੀ ਨਹੀਂ ਕਿ ਸਿੱਖ ਰਹਿਤ ਮਰਯਾਦਾ ਕੀ ਹੈ? ਸਗੋਂ ਪ੍ਰੇਰਨ ਸਮੇਂ ਕਹਿੰਦੇ ਹਨ ਕਿ ਤੁਸੀਂ ਜਿਸ ਤਰ੍ਹਾਂ ਚਾਹੋ, ਕਰੋ, ਅੰਮ੍ਰਿਤ ਛਕ ਲਵੋ। ਰਹਿਤ ਮਰਯਾਦਾ ਵਿਚ ਕਈ ਪ੍ਰਕਾਰ ਦੀ ਛੋਟ ਦੇ ਕੇ ਵਧ ਤੋਂ ਵਧ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਰਹੇ ਹਨ। ਇਕ ਸਮੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਅੰਮ੍ਰਿਤ ਸੰਚਾਰ ਸਮੇਂ ਵੇਖਿਆ ਕਿ ਪੰਜ ਪਿਆਰਿਆਂ ਨੇ ਛੇਦਕ ਗਹਿਣਿਆਂ ਬਾਰੇ ਸਰਸਰੀ ਤੌਰ ਤੇ ਦਸ ਦਿਤਾ। ਇਸੇ ਤਰ੍ਹਾਂ ਹੁਣ ਵੇਖੀਦਾ ਹੈ ਕਿ ਨਵੀਆਂ ਸੰਸਥਾਵਾਂ, ਜਿਨ੍ਹਾਂ ਵਿਚ ਨੌਜਵਾਨ ਹਨ, ਉਹ ਅੰਮ੍ਰਿਤ-ਸਿੰਚਾਰ ਸਮੇਂ ਖੁਲ੍ਹਮ-ਖੁਲ੍ਹਾ ਢਿਲ ਦੇ ਕੇ ਵਧੇਰੇ ਗਿਣਤੀ ਨੂੰ ਅੰਮ੍ਰਿਤਧਾਰੀ ਦਸਣ ਲਈ ਯਤਨ ਕਰ ਰਹੇ ਹਨ। ਪੁਛਣ ਤੇ ਕਹਿੰਦੇ ਹਨ ਕਿ ਕਰੜਾਈ ਨਾਲ ਨੌਜਵਾਨ ਅੰਮ੍ਰਿਤ ਨਹੀਂ ਛਕਦੇ, ਇਸ ਲਈ ਕਈ ਪ੍ਰਕਾਰ ਦੀਆਂ ਛੋਟਾਂ ਦੇ ਕੇ ਤਿਆਰ ਕਰਦੇ ਹਾਂ।

ਵਡੀ ਦਲੀਲ ਇਹ ਦਿਤੀ ਜਾਂਦੀ ਹੈ ਕਿ ਜਿਸ ਤਰ੍ਹਾਂ ਪ੍ਰਾਂਤਕ ਸਰਕਾਰਾਂ ਹਰ ਸਾਲ ਲੱਖਾਂ ਕਰੋੜਾਂ ਦੀ ਗਿਣਤੀ ਵਿਚ ਦਰੱਖ਼ਤ (ਵਣ-ਉਤਸਵ) ਲਗਾਂਦੀਆਂ ਹਨ, ਉਹਨਾਂ ਵਿਚੋਂ ਹਜ਼ਾਰਾਂ ਹੀ ਸਿਰੇ ਚੜ੍ਹਦੇ ਹਨ, ਇਸੇ ਤਰ੍ਹਾਂ ਅਸੀਂ ਵਧ ਤੋਂ ਵਧ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਦੇਂਦੇ ਹਾਂ, ਉਹਨਾਂ ਵਿਚੋਂ ਅਧ-ਪਚੱਧੇ ਤਾਂ ਰਹਿਤ ਮਰਯਾਦਾ ਦੇ ਜ਼ਰੂਰ ਧਾਰਨੀ ਬਣ ਜਾਣਗੇ। ਇਸ ਹਾਲਤ ਵਿਚ ਸਿਖ ਬੀਬੀਆਂ ਨੂੰ ਛੇਦਕ ਗਹਿਣਿਆਂ ਤੋਂ ਉਹ ਕਿਸ ਤਰ੍ਹਾਂ ਵਰਜ ਸਕਦੇ ਹਨ?

ਅਜ ਖਾਲਸਾ ਪੰਥ ਦੀ ਇਹ ਦਸ਼ਾ ਵੇਖ ਕੇ ਕਹਿਣਾ ਪੈਂਦਾ ਹੈ ਕਿ ਖਾਲਸਾ ਪੰਥ ਦਾ ਰਾਖਾ ਕੌਣ? ਆਗੂ ਤਾਂ ਆਪ ਢਿਲੇ ਹਨ, ਆਪਣੀ ਢਿਲ ਨੂੰ ਛੁਪਾਣ ਲਈ ਦੂਸਰਿਆਂ ਨੂੰ ਰਹਿਤ ਮਰਯਾਦਾ ਵਿਚ ਢਿਲਾਂ ਦੇ ਰਹੇ ਹਨ।

ਅਜਿਹੇ ਹਾਲਾਤ ਵਿਚ ਲੋੜ ਹੈ ਕਿ ਰਹਿਤ ਮਰਯਾਦਾ ਵਿਚ ਪ੍ਰਪਕਤਾ ਲਿਆਉਣ ਅਤੇ ਪੂਰਨ ਤੌਰ ਤੇ ਦ੍ਰਿੜ੍ਹ ਕਰਾਉਣ ਲਈ ਉਚੇਚੇ ਯਤਨ ਕੀਤੇ ਜਾਣ। ਤਾਂ ਹੀ ਜਾਗਤ-ਜੋਤਿ ਖਾਲਸਾ ਪਰਗਟ ਹੋ ਸਕੇਗਾ।



www.AKJ.Org

# ਪੰਥਕ ਸਮਾਚਾਰ—ਅਖਬਾਰਾਂ ਦੀ ਜ਼ਬਾਨੀ

**ਅਕਾਲੀ ਪਤ੍ਰਕਾ, ੩੧ ਅਗਸਤ ੧੯੮੨ ਪੰਨਾ ੧,੬—**

**ਪੁਲਿਸ ਨੇ ਬਿਆਨ ਲੈਣ ਦੀ ਥਾਂ ਬਿਆਨ ਠੋਸਣ ਦਾ ਜਤਨ ਕੀਤਾ—**

ਅੰਮ੍ਰਿਤਸਰ, ੩੦ ਅਗਸਤ—(ਮਹਿੰਦਰ ਸਿੰਘ) ਅਜ ਇਥੇ ਇਕ ਅੰਮ੍ਰਿਤਧਾਰੀ ਨੌਜਵਾਨ ਨੇ ਪ੍ਰੈਸ ਕਾਨਫਰੰਸ ਵਿਚ ਪਤਰਕਾਰਾਂ ਨੂੰ ਆਪਣੀ ਲੂੰ-ਕੰਡੇ ਖੜੇ ਕਰਨ ਵਾਲੀ ਹੱਡ-ਬੀਤੀ ਸੁਣਾਈ। ਨੌਜਵਾਨ ਅਨੁਸਾਰ ਉਸ ਨੂੰ ਕੇਵਲ ਦਰਬਾਰ ਸਾਹਿਬ ਜਾਣ ਦੇ ਦੋਸ਼ 'ਚ ਪੁਲਿਸ ਨੇ ੧੦ ਅਗਸਤ ਤੋਂ ੨੭ ਅਗਸਤ ਤਕ ਆਪਣੀ ਹਿਰਾਸਤ ਵਿਚ ਰਖਿਆ। ਇਸ ਦੌਰਾਨ ਪੁਲਿਸ ਨੇ ਉਸ ਤੇ ਕਈ ਤਰ੍ਹਾਂ ਦੇ ਤਸ਼ੱਦਦ ਕੀਤੇ। ਉਸ ਨੂੰ ਪੁਠਾ ਲਟਕਾਈ ਰਖਿਆ ਅਤੇ ਉਸ ਨੂੰ ਗੋਲੀ ਮਾਰ ਦੇਣ ਦੀ ਵੀ ਧਮਕੀ ਦਿਤੀ।

ਪੰਝੀ ਸਾਲਾ ਜਸਬੀਰ ਸਿੰਘ ਬਾਜਵਾ, ਜਲੰਧਰ ਦੇ ਪਿੰਡ ਦਕੋਹਾ ਨਾਲ ਸਬੰਧ ਰਖਦਾ ਹੈ। ਨੌਜਵਾਨ ਨੇ ਦਸਿਆ ਕਿ ਪੁਲਿਸ ਉਸ ਨੂੰ ਰਾਹੋਂ ਬੰਬ ਕਾਂਡ ਅਤੇ ਜਲੰਧਰ ਗੋਲੀ ਕਾਂਡ ਵਿਚ ਫਸਾਉਣਾ ਚਾਹੁੰਦੀ ਸੀ। ਨੌਜਵਾਨ ਨੇ ਦਸਿਆ ਕਿ ਉਹ ਪਹਿਲਾਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਮੈਂਬਰ ਸੀ, ਬਾਅਦ ਵਿਚ ਜਦ ਉਹ ਕੋ-ਅਪਰੇਟਿਵ ਸੁਸਾਇਟੀ ਟਰਾਂਸਪੋਰਟ ਵਿਚ ਮੁਲਾਜ਼ਮ ਭਰਤੀ ਹੋ ਗਿਆ ਤਾਂ ਉਸ ਨੇ ਫੈਡਰੇਸ਼ਨ ਛਡ ਦਿਤੀ। ਨੌਜਵਾਨ ਨੇ ਦਸਿਆ ਕਿ ਮਹਿਤਾ ਗੋਲੀ ਕਾਂਡ ਤੋਂ ਮਗਰੋਂ ਉਹ ਕੁਝ ਦੇਰ ੫ ਅਕਤੂਬਰ ਤੋਂ ੧੫ ਫਰਵਰੀ ਤਕ ਦਰਬਾਰ ਸਾਹਿਬ ਰਿਹਾ। ਉਸ ਨੂੰ ਡਰ ਸੀ ਕਿ ਫੈਡਰੇਸ਼ਨ ਦਾ ਵਰਕਰ ਜਾਣ ਕੇ ਪੁਲਿਸ ਉਸ ਨੂੰ ਤੰਗ ਨਾ ਕਰੇ। ਇਹ ਨੌਜਵਾਨ ਅੰਮ੍ਰਿਤਧਾਰੀ ਸਿੱਖ ਹੈ। ਉਸਦਾ ਪਿਤਾ ਇਕ ਫੌਜੀ ਸੀ। ਘਰ ਵਿਚ ਉਸਦੀ ਮਾਂ ਅਤੇ ਇਕ ਛੋਟਾ ਭਰਾ ਹੈ। ਨੌਜਵਾਨ ਨੇ ਦਸਿਆ ਕਿ ਪੁਲਿਸ ਨੇ ੧੯ ਤਾਰੀਖ਼ ਨੂੰ ਸਵੇਰੇ ਸਾਢੇ ਛੇ ਵਜੇ ਉਸਨੂੰ ਘਰੋਂ ਆ ਫੜਿਆ। ਜਿਸ ਪੁਲਿਸ ਅਫਸਰ ਦੀ ਅਗਵਾਈ ਵਿਚ ਪੁਲਿਸ ਪਾਰਟੀ ਉਸਨੂੰ ਫੜਨ ਆਈ, ਉਸਦਾ ਨਾਮ ਲਖਬੀਰ ਸਿੰਘ ਸੀ ਅਤੇ ਉਹ ਡਰਿਲ ਇੰਸਪੈਕਟਰ ਸੀ। ਉਸ ਨੂੰ ਫੜ ਕੇ ਸਿਧਾ ਐਸ.ਐਸ.ਪੀ. ਦੀ ਕੋਠੀ ਲਿਜਾਇਆ ਗਿਆ, ਜਿਥੋਂ ਉਸ ਨੂੰ ਸੀ. ਆਈ.ਏ. ਦੇ ਇੰਟੈਰੋਗੇਸ਼ਨ ਸੈਂਟਰ ਵਿਖੇ ਲਿਜਾਇਆ ਗਿਆ।

ਇੰਟੈਰੋਗੇਸ਼ਨ ਸੈਂਟਰ ਵਿਚ ਬੈਠਦੇ ਸਾਰ ਇਕ ਅਫਸਰ ਨੇ ਉਸਨੂੰ ਚਾਹ ਦਾ ਕੱਪ ਦਿਤਾ। ਉਸੇ ਵੇਲੇ ਉਥੇ ਇਕ ਪੁਲਿਸ ਇੰਸਪੈਕਟਰ ਸੁੱਚਾ ਸਿੰਘ ਆ ਧਮਕਿਆ। ਉਸ ਨੇ ਚਾਹ ਦਾ ਕੱਪ ਫੜ ਕੇ ਹੇਠਾਂ ਸੁਟ ਦਿਤਾ ਅਤੇ ਕਿਹਾ ਕਿ "ਇਸ ਆਦਮੀ ਤੇ ਸਾਡਾ ੪੦੦੦ ਰੁਪੈ ਦਾ ਡੀਜ਼ਲ ਖਰਚ ਹੋ ਗਿਆ ਹੈ ਤੇ ਤੂੰ ਇਸ ਨੂੰ ਚਾਹ ਪਿਆ ਰਿਹਾ ਹੈ। ਇਸਦੇ ਨਾਲ ਹੀ ਇੰਸਪੈਕਟਰ ਨੇ ਉਸ ਨੂੰ ਮਾਰ ਕੁਟ ਸ਼ੁਰੂ ਕਰ ਦਿਤੀ ਤੇ ਪੁਛਿਆ ਕਿ ਤੂੰ ਦਰਬਾਰ ਸਾਹਿਬ ਕਿਉਂ ਗਿਆ ਸੀ। ਇੰਸਪੈਕਟਰ ਦੇ ਇਸ਼ਾਰੇ ਤੇ ਸਿਪਾਹੀਆਂ ਨੇ ਉਸਦੇ ਕਪੜੇ ਅਤੇ ਉਸ ਦੀ ਕਿਰਪਾਨ ਲੁਹਾ ਦਿਤੀ। ਉਸ ਨੂੰ ਨੰਗਾ ਕਰ ਕੇ ਇਕ ਕੰਬਲ ਤੇ ਲਿਟਾ ਦਿਤਾ ਗਿਆ ਅਤੇ ਹੱਥ ਪਿਛੇ ਬੰਨ੍ਹ ਦਿਤੇ ਗਏ। ਇਕ ਸਿਪਾਹੀ ਨੇ ਉਸਦੇ ਕੇਸ ਫੜ ਕੇ ਪਿਛੇ ਨੂੰ ਖਿੱਚੇ ਅਤੇ ਦੋ ਸਿਪਾਹੀ ਉਸ ਦੇ ਪੱਟਾਂ ਤੇ ਬੈਠ ਗਏ। ਉਨ੍ਹਾਂ ਨੇ ਉਸ ਦੀਆਂ ਲੱਤਾਂ ਪਾੜਨੀਆਂ ਸ਼ੁਰੂ ਕਰ ਦਿਤੀਆਂ। ਜਦ ਲੱਤਾਂ ਇਕਦਮ ਸਿਧੀਆਂ ਹੋ ਗਈਆਂ ਤਾਂ ਲਤਾਂ ਛੁਡਾਈਆਂ। ਉਸਨੂੰ ਇਸ ਮਗਰੋਂ ਕੇਸਾਂ ਤੋਂ ਫੜ ਕੇ ਬੈਂਚ ਤੇ ਬਿਠਾ ਦਿਤਾ ਗਿਆ। ਇਸ ਮਗਰੋਂ ਇਕ ਸਿਪਾਹੀ ਨੇ ਉਸ ਵਲ ਉਸ ਦਾ ਕਛਹਿਰਾ ਸੁਟਿਆ ਅਤੇ ਕਿਹਾ ਇਹ ਲੈ ਆਪਣੀ ਸਿਖੀ ਦੀ ਪਹਿਲੀ ਨਿਸ਼ਾਨੀ। ਉਸ ਨੂੰ ਇਸ ਪਿਛੋਂ ਹਵਾਲਾਤ ਵਿਚ ਬੰਦ ਕਰ ਦਿਤਾ ਗਿਆ ਅਤੇ ਲਤਾਂ ਕੁੜਿਕੀ 'ਚ ਜਕੜ ਦਿਤੀਆਂ ਗਈਆਂ।

ਇਸ ਮਗਰੋਂ ੨੧ ਤਾਰੀਖ ਨੂੰ ਉਸਨੂੰ ਪੁਲਿਸ ਦੀ ਜੀਪ ਵਿਚ ਬਿਠਾ ਕੇ ਰਾਹੋਂ ਲੈ ਜਾਇਆ ਗਿਆ। ਉਥੇ ਅਜੇ ਸਾਰੇ ਸਬੂਤ ਉਂਜ ਦੇ ਉਂਜ ਹੀ ਪਏ ਸਨ। ਉਸਦੇ ਹਥ ਵਿਚ ਇਕ ਬੰਬ ਫੜਾ ਦਿਤਾ ਗਿਆ ਅਤੇ ਕਿਹਾ ਕਿ ਉਹ ਮੰਨੇ ਕਿ ਇਹ ਬੰਬ ਉਸ ਨੂੰ ਭਿੰਡਰਾਂ ਵਾਲੇ ਨੇ ਦਰਬਾਰਾ ਸਿੰਘ ਨੂੰ ਮਾਰਨ ਲਈ ਦਿਤਾ ਸੀ



www.AKJ.Org

ਅਤੇ ਉਸਨੂੰ ਦਰਬਾਰਾ ਸਿੰਘ ਦਾ ਬੁਢਾਪਾ ਵੇਖ ਕੇ ਉਸ ਤੇ ਤਰਸ ਆ ਗਿਆ ਅਤੇ ਇਸ ਲਈ ਨਹੀਂ ਮਾਰਿਆ। ਪੁਲਿਸ ਨੇ ਇਹ ਵੀ ਮੰਨਣ ਲਈ ਕਿਹਾ ਕਿ ਜਦ ਬੰਬ ਉਸ ਦੇ ਹਥ ਵਿਚ ਸੀ ਤਾਂ ਸੁੱਚਾ ਸਿੰਘ ਇੰਸਪੈਕਟਰ ਨੇ ਉਸਨੂੰ ਫੜ ਲਿਆ। ਉਸ ਨੂੰ ਕਿਹਾ ਗਿਆ ਕਿ ਜੇ ਉਹ ਇਹ ਮੰਨ ਲਵੇ ਤਾਂ ਉਸਨੂੰ ਇਨਾਮ ਵੀ ਦਿਤਾ ਜਾਏਗਾ। ਜਦ ਉਸ ਨੇ ਮੰਨਣ ਤੋਂ ਇਨਕਾਰ ਕਰ ਦਿਤਾ ਤਾਂ ਉਸ ਨੂੰ ਕੁਟ ਕੁਟ ਕੇ ਅਧ-ਮੋਇਆ ਕਰ ਦਿਤਾਗਿਆ। ਸ਼ਾਮ ਨੂੰ ਉਸ ਨੂੰ ਜਲੰਧਰ ਜੇਲ ਵਿਚ ਲੈ ਜਾਇਆ ਗਿਆ, ਜਿਥੇ ਕਿ ਉਸਨੂੰ ਪੁਠਾ ਲਟਕਾ ਦਿਤਾ ਗਿਆ। ਉਸ ਲਈ ਸਾਹ ਲੈਣਾ ਮੁਸ਼ਕਲ ਹੋ ਗਿਆ ਤਾਂ ਉਸਦਾ ਮੂੰਹ ਖੁਲ੍ਹ ਗਿਆ, ਜਿਸ ਵਿਚ ਇਕ ਪੁਲਸੀਏ ਨੇ ਉਸਦੀ ਦਾੜ੍ਹੀ ਤੁੰਨ ਦਿਤੀ। ਪਿਛੋਂ ਉਸ ਨੂੰ ਇਕ ਨਹਿਰ ਦੇ ਕੰਢੇ ਤੇ ਲੈ ਜਾਇਆ ਗਿਆ, ਜਿਥੇ ਕਿ ਪੁਲੀਸ ਅਫਸਰ ਨੇ ਕਿਹਾ ਕਿ ਅਸੀਂ ਇਥੇ ਹੀ ਬਲਜੀਤ ਸਿੰਘ ਅਤੇ ਅਮਰਜੀਤ ਨੂੰ ਮਾਰਿਆ ਸੀ, ਤੈਨੂੰ ਵੀ ਇਥੇ ਹੀ ਮਾਰਿਆ ਜਾਏਗਾ। ਉਸ ਨੂੰ ਇਕ ਟਾਹਲੀ ਨਾਲ ਬੰਨ੍ਹ ਦਿਤਾ ਗਿਆ। ਉਸ ਕੋਲ ਇਕ ਪਸਤੌਲ ਤੇ ਗੋਲੀਆਂ ਵੀ ਰਖ ਦਿਤੀਆਂ ਗਈਆਂ। ਪੁਲਿਸ ਅਫਸਰ ਨੇ ਕਿਹਾ ਕਿ ਹੁਣ ਜੇ ਕਰ ਤੂੰ ਲੌਂਗੋਵਾਲ ਜਾਂ ਟੌਹੜੇ ਨੂੰ ਕੋਈ ਸੁਨੇਹਾ ਭੇਜਣਾ ਹੈ ਤਾਂ ਭੇਜ ਲੈ। ਨੌਜਵਾਨ ਅਨੁਸਾਰ ਉਸ ਸਮੇਂ ਉਹ ਪਾਠ ਕਰ ਰਿਹਾ ਸੀ। ਪਰ ਫਿਰ ਉਸ ਨੂੰ ਵਾਪਸ ਜਲੰਧਰ ਲੈ ਆਂਦਾ ਗਿਆ ਅਤੇ ਦੋ ਸਿਪਾਹੀਆਂ ਨੂੰ ਉਸ ਦੀ ਮਾਲਸ਼ ਕਰਨ ਤੇ ਲਾ ਦਿਤਾ ਗਿਆ। ਜਿਸ ਨਾਲ ਤੁਰਨ ਜੋਗਾ ਹੋ ਗਿਆ।

ਇੰਸਪੈਕਟਰ ਨੇ ਉਸ ਨੂੰ ਕਿਹਾ ਕਿ ਸਾਨੂੰ ਤੇਰੇ ਲਈ ਬਹੁਤ ਵਡੀ ਸਿਫਾਰਸ਼ ਆ ਗਈ ਹੈ, ਸੋ ਤੈਨੂੰ ਛੱਡ ਰਹੇ ਹਾਂ, ਪਰੰਤੂ ਇਹ ਸਾਰੀ ਘਟਨਾ ਕਿਸੇ ਨੂੰ ਨਾ ਦੱਸੀਂ। ਬਾਅਦ ਵਿਚ ਇਸ ਨੌ-ਜਵਾਨ ਨੂੰ ਛੱਡ ਦਿਤਾ ਗਿਆ।

**ਅਕਾਲੀ ਪਤ੍ਰਕਾ, ੧੩ ਸਤੰਬਰ, ੧੯੮੨, ਪੰਨਾ ੧–**

**ਗ੍ਰਿਫਤਾਰ ਕੀਤੇ ਸਤਿਆਗ੍ਰਹੀਆਂ ਦੀ ਬੱਸ, ਗੱਡੀ ਨਾਲ ਟਕਰਾ ਗਈ**

**ਹਾਦਸੇ ਵਿਚ ਸ਼ਹੀਦ ਸਿੰਘਾਂ ਦੀ ਗਿਣਤੀ ੩੪–**

ਅੰਮ੍ਰਿਤਸਰ, ੧੨ ਸਤੰਬਰ (ਮਹਿੰਦਰ ਸਿੰਘ, ਯੂ. ਐਨ. ਆਈ., ਹਿ. ਸ., ਭਾਰਤੀ, ਭਾਟੀਆ)— ਸ਼ਰੋਮਣੀ ਅਕਾਲੀ ਦਲ ਵਲੋਂ ਅਨੰਦਪੁਰ ਦੇ ਮਤੇ ਦੀ ਪ੍ਰਾਪਤੀ ਲਈ ਪਿਛਲੇ ਸਵੇ ਮਹੀਨੇ ਤੋਂ ਲਾਇਆ ਗਿਆ ਮੋਰਚਾ ਉਸ ਸਮੇਂ ਗੰਭੀਰ ਰੂਪ ਧਾਰ ਗਿਆ ਜਦੋਂ ਬੀਤੀ ਰਾਤ ਤਰਨਤਾਰਨ ਨੇੜੇ ਬਸ ਤੇ ਰੇਲ ਗੱਡੀ ਵਿਚ ਹੋਈ ਭਿਆਨਕ ਟੱਕਰ ਵਿਚ ੩੪ ਸਤਿਆਗ੍ਰਹੀ ਸਿੰਘ ਸ਼ਹੀਦ ਹੋ ਗਏ ਤੇ ੨੨ ਸਖਤ ਫਟੜ ਹੋ ਗਏ। ਅਜੇ ੯ ਜ਼ਖਮੀਆਂ ਦੀ ਹਾਲਤ ਨਾਜ਼ਕ ਦਸੀ ਜਾਂਦੀ ਹੈ। ਇਨ੍ਹਾਂ ਵਿਚ ੬ ਬੇਹੋਸ਼ ਪਏ ਹਨ। ਮਿਰਤਕਾਂ ਦੀਆਂ ਲਾਸ਼ਾਂ ਪੋਸਟ ਮਾਰਟਮ ਪਿਛੋਂ ਅੰਤਮ ਸੰਸਕਾਰ ਲਈ ਅੱਜ ਉਹਨਾਂ ਦੇ ਵਾਰਸ਼ਾਂ ਦੇ ਹਵਾਲੇ ਕਰ ਦਿਤੀਆਂ ਗਈਆਂ। ਇਹ ਦੁਖਦਾਈ ਦੁਰਘਟਨਾ ਰਾਤ ੧੦-੫੫ ਮਿੰਟ ਤੇ ਵਾਪਰੀ। ........ਜਦੋਂ ਇਹ ਹਾਦਸਾ ਹੋਇਆ, ਬੱਸ ਗੱਡੀ ਨਾਲ ਫਸ ਗਈ ਤੇ ਕੋਈ ੨੫ ਗਜ਼ ਤਕ ਗਡੀ ਬੱਸ ਨੂੰ ਘਸੀਟਦੀ ਲੈ ਗਈ। ਕਹਿੰਦੇ ਹਨ ਕਿ ਬੱਸ ਬਾਜ਼ੀਆਂ ਮਾਰਦੀ ਹੋਈ ਨਾਲ ਲਟਕਦੀ ਗਈ, ਜਿਸ ਕਰਕੇ ਵਿਚ ਸਵਾਰ ਸਤਿਆਗ੍ਰਹੀ ਇਕ-ਦੂਸਰੇ ਤੇ ਡਿਗ ਡਿਗ ਕੇ ਤੇ ਗੱਡੀ ਨਾਲ ਵਜ ਕੇ ਫੀਤਾ-ਫੀਤਾ ਹੋ ਗਏ। ਬੱਸ ਬਿਲਕੁਲ ਚਕਨਾ ਚੂਰ ਹੋ ਗਈ। ਜਦੋਂ ਗੱਡੀ ਖੜੀ ਹੋਈ, ਤਾਂ ਫੀਤੇ ਫੀਤੇ ਹੋਈ ਬੱਸ ਵਿਚ ਸਵਾਰ ਬਹੁਤ ਸਾਰੇ ਸਿੱਖ ਸ਼ਹੀਦ ਹੋ ਚੁਕੇ ਸਨ। ਕਹਿੰਦੇ ਹਨ ਕਿ ੩੦ ਸਿੰਘ ਮੌਕੇ ਤੇ ਹੀ ਮਰ ਗਏ ਜਦੋਂ ਕਿ ਚਾਰ ਹਸਪਤਾਲ ਜਾ ਕੇ ਦਮ ਤੋੜ ਗਏ। ਫਾਟਕ ਤੋਂ ਲੈ ਕੇ ਰੇਲ ਗੱਡੀ ਜਿਥੋਂ ਤੱਕ ਬੱਸ ਨੂੰ ਘਸੀਟਦੀ ਗਈ, ਉਹ ਸਾਰੀ ਥਾਂ ਮਨੁਖੀ ਬਾਹਾਂ ਤੇ ਕਟੀਆਂ ਲੱਤਾਂ ਨਾਲ ਭਰੀ ਪਈ ਸੀ। ਥਾਂ ਥਾਂ ਖੂਨ ਡੁਲ੍ਹਿਆ ਹੋਇਆ ਸੀ ਤੇ ਲਾਸ਼ਾਂ ਏਨੀ ਬੁਰੀ ਤਰ੍ਹਾਂ ਮਿਧੀਆਂ ਗਈਆਂ ਕਿ ਬਹੁਤਿਆਂ ਨੂੰ ਪਹਿਚਾਨਣਾ ਮੁਸ਼ਕਿਲ ਹੋ ਗਿਆ। ਇਸ ਬੱਸ ਵਿਚ ੫੫ ਸਿੰਘ ਸਵਾਰ ਸਨ। ਬੱਸ ਖੂਨ ਨਾਲ ਲੱਥ ਪੱਥ ਹੋਈ ਪਈ ਸੀ, ਲਾਸ਼ਾਂ ਥਾਂ ਥਾਂ ਬਿਖਰੀਆਂ, ਵਾਤਾਵਰਨ ਬੜਾ ਦੁਖਦਾਈ ਤੇ ਭਿਆਨਕ ਬਣਿਆ ਹੋਇਆ ਸੀ। [ਬਾਕੀ ਸਫ਼ਾ ੩੮ ਦੇ ਹੇਠ]



www.AKJ.Org

# ਅਖੰਡ ਕੀਰਤਨੀ ਜਥਾ ਮੋਰਚੇ ਵਿਚ

ਅਖੰਡ ਕੀਰਤਨੀ ਜਥਾ ਨਿਰੋਲ ਧਾਰਮਕ ਸੰਸਥਾ ਹੈ, ਜਿਸ ਦਾ ਨਿਸ਼ਾਨਾ ਗੁਰਮਤਿ ਨੂੰ ਧਾਰਨ ਕਰਨਾ ਅਤੇ ਕੀਰਤਨ ਰਾਹੀਂ ਨਾਮ ਬਾਣੀ ਦਾ ਪ੍ਰਚਾਰ ਕਰਨਾ ਹੈ।

'ਗੁਰੂ ਗ੍ਰੰਥ' ਅਤੇ 'ਪੰਥ' ਥੰਮ੍ਹ ਹਨ, ਜਿਨ੍ਹਾਂ ਤੇ ਸਿਖੀ ਖੜੀ ਹੈ। ਪਿਛਲੇ ਕੁਝ ਮਹੀਨਿਆਂ ਤੋਂ ਸਿਖੀ ਤੇ ਲਗਾਤਾਰ ਹਮਲੇ ਹੁੰਦੇ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਵਾਰੀ ਪਤਰੇ ਪਾੜ ਕੇ ਬੇਅਦਬੀ ਕੀਤੀ ਗਈ, ਪਰ ਦੋਸ਼ੀ ਨਾ ਹੀ ਪਕੜੇ ਗਏ ਹਨ ਤੇ ਨਾ ਹੀ ਨਾਮਜ਼ਦ ਕੀਤੇ ਗਏ ਹਨ। ਦੂਜੇ ਪਾਸੇ ਪੁਲਿਸ ਨੇ ਆਪ, ਅਤਿਵਾਦੀਆਂ ਦੀ ਆੜ ਵਿਚ ਕਈ ਨਿਰਦੋਸ਼ ਸਿੰਘਾਂ ਨੂੰ ਗ੍ਰਿਫਤਾਰ ਕਰ ਕੇ, ਉਨ੍ਹਾਂ ਨੂੰ ਕਥਿਤ ਮੁਕਾਬਲਿਆਂ ਦਾ ਨਾਮ ਦੇ ਕੇ ਗੋਲੀਆਂ ਨਾਲ ਉਡਾਇਆ। ਕਈਆਂ ਤੇ ਕਹਿਰਾਂ ਦਾ ਤਸ਼ੱਦਦ ਵਰਤਿਆ। ਇਸ ਤਰ੍ਹਾਂ 'ਗੁਰੂ ਗ੍ਰੰਥ' ਅਤੇ 'ਪੰਥ' ਦੋਹਾਂ ਪ੍ਰਤੀ ਹਮਲਿਆਂ ਵਿਚ ਸਰਕਾਰ ਨੇ ਮੁਜਰਮਾਨਾ ਤੌਰ ਤੇ ਲਾਪਰਵਾਹੀ ਵਰਤੀ ਹੈ।

ਅਖੰਡ ਕੀਰਤਨੀ ਜਥੇ ਦਾ ਤਨ ਮਨ ਤੇ ਧਨ 'ਗੁਰੂ ਗ੍ਰੰਥ' ਅਤੇ 'ਪੰਥ' ਦੀ ਅਮਾਨਤ ਹਨ। 'ਗੁਰੂ ਗ੍ਰੰਥ' ਅਤੇ 'ਪੰਥ' ਨੂੰ ਇਹ ਅਮਾਨਤ ਸੌਂਪ ਕੇ ਸੁਰਖ਼ਰੂ ਹੋਇਆ ਹੈ।

## ਜਥੇਦਾਰ ਰਾਮ ਸਿੰਘ ਜੀ ਦਾ ਗ੍ਰਿਫਤਾਰੀ ਸਮੇਂ ਦਾ ਭਾਸ਼ਨ

੧੪ ਸਤੰਬਰ ਨੂੰ ਗੁ: ਮੰਜੀ ਸਾਹਿਬ ਤੋਂ ਅਖੰਡ ਕੀਰਤਨੀ ਜਥੇ ਸਮੇਤ ਗ੍ਰਿਫਤਾਰ ਹੋਣ ਲਈ ਜਾਣ ਸਮੇਂ, ਭਾਈ ਸਾਹਿਬ ਰਾਮ ਸਿੰਘ ਜੀ ਸੁਕੈਂਡਰਨ ਲੀਡਰ ਨੇ ਹੇਠ ਲਿਖਿਆ ਭਾਸ਼ਨ ਦਿਤਾ :–

ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੀ ਚਰਨ ਸ਼ਰਨ ਵਿਚ ਸਜੀ ਹੋਈ ਸਾਧ ਸੰਗਤ ਜੀਉ !

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ ॥

ਅੱਜ ਸਵੇਰੇ ਇਕ ਹਿੰਦੂ ਸਜਣ ਦਾਸ ਪਾਸ ਆਇਆ ਅਤੇ ਉਹ ਕਹਿਣ ਲੱਗਾ, "ਮੈਂ 'ਇੰਡੀਅਨ ਐਕਸਪ੍ਰੈਸ' ਅਖ਼ਬਾਰ ਦਾ ਰੀਪੋਰਟਰ ਹਾਂ। ਅੱਜ ਅਖੰਡ ਕੀਰਤਨੀ ਜਥੇ ਨੇ ਗ੍ਰਿਫਤਾਰੀ ਦੇਣੀ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਇਸ ਜਥੇ ਦੀ ਕੀ ਵਿਸ਼ੇਸ਼ਤਾ ਹੈ ?" ਦਾਸ ਨੇ ਕਿਹਾ, "ਤਾਂ ਦਸਾਂਗਾ ਜੇ ਇਕਰਾਰ ਕਰੋ ਕਿ ਜੋ ਦਸਾਂਗਾ, ਆਪਣੇ ਅਖ਼ਬਾਰ ਵਿਚ ਛਾਪੋਗੇ।" ਰੀਪੋਟਰ ਦੇ ਭਰੋਸਾ ਦਿਵਾਉਣ ਤੇ ਦਾਸ ਨੇ ਕਿਹਾ, ਲਿਖੋ–

"ਗੁਰਸਿਖਾ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ ॥"

ਉਹ ਚੁਪ ਕਰਕੇ ਬੈਠਾ ਰਿਹਾ, ਨਾ ਕੁਝ ਬੋਲਿਆ ਅਤੇ ਨਾ ਕੁਝ ਲਿਖਿਆ। ਦਾਸ ਦੇ ਪੁਛਣ ਤੇ ਕਿ, 'ਤੁਸੀਂ ਨੋਟ ਨਹੀਂ ਕੀਤਾ' ਕਹਿਓ ਸੂ, "ਮੈਂ ਜ਼ਬਾਨੀ ਨੋਟ ਕਰ ਲਿਆ ਹੈ। ਕੁਝ ਹੋਰ ਦਸੋ।"

ਉਸ ਨੇ ਫਿਰ ਅਖ਼ਬਾਰ ਵਿਚ ਠੀਕ ਠੀਕ ਛਾਪਣ ਦਾ ਭਰੋਸਾ ਦਿਵਾਇਆ ਤਾਂ ਦਾਸ ਨੇ ਕਿਹਾ, "ਇਕ ਵੇਰ ਇਕ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਾਸੋਂ ਪੁਛਿਆ, "ਸੱਚੇ ਪਾਤਸ਼ਾਹ ਜੀ ! ਜੋ ਭੀ ਆਪ ਜੀ ਦੀ ਚਰਨ ਸ਼ਰਨ ਵਿਚ ਆਉਂਦੇ ਹਨ, ਆਪ ਜੀ ਪਾਸੋਂ ਮੂੰਹ-ਮੰਗੀਆਂ ਮੁਰਾਦਾਂ ਪਾਉਂਦੇ ਹਨ। ਕਈ ਅਜਿਹੇ ਵਿਅਕਤੀ ਭੀ ਆਉਂਦੇ ਹੋਣਗੇ, ਜੋ ਕੁਝ ਨਹੀਂ ਮੰਗਦੇ। ਕੀ ਉਨ੍ਹਾਂ ਨੂੰ ਭੀ ਆਪ ਜੀ ਕੁਝ ਬਖਸ਼ਦੇ ਹੋ?" ਗੁਰੂ ਜੀ ਨੇ ਉਤਰ ਵਿਚ ਕਿਹਾ, । "ਹਾਂ।" ਕੁਝ ਦੇਰ ਬਾਅਦ ਸਿੰਘ ਨੇ ਪੁਛ ਕੀਤੀ, "ਕਿਰਪਾ ਕਰਕੇ ਸਾਨੂੰ ਭੀ ਦਸੋ ਕਿ ਉਨ੍ਹਾਂ ਨੂੰ ਆਪ ਜੀ ਕੀ ਬਖ਼ਸ਼ਦੇ ਹੋ ?" ਤਾਂ ਸਾਹਿਬਾਂ ਨੇ ਜਲਾਲ ਵਿਚ ਆ ਕੇ ਕਿਹਾ, "ਅਜਿਹੇ ਪ੍ਰਾਣੀਆਂ ਨੂੰ ਅਸੀਂ ਗੁਰਸਿਖਾਂ ਦਾ ਦਰਸ਼ਨ ਬਖ਼ਸ਼ਦੇ ਹਾਂ।" ਇਹ ਸੁਣ ਕੇ ਰੀਪੋਰਟਰ ਜੀ ਪਤਰਾ ਵਾਚ ਗਏ।

---

**ਅਕਾਲੀ ਦਲ ਵਲੋਂ ਧਰਮ-ਯੁਧ ਮੋਰਚਾ–** [ਸਫ਼ਾ ੩੭ ਦੀ ਬਾਕੀ]

ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ-ਸਰੂਪ ਦੀ ਸ਼ਰਾਰਤੀ ਅਨਸਰ ਵਲੋਂ ਬਾਰ ਬਾਰ ਬੇਅਦਬੀ ਹੋਣ ਅਤੇ ਦੋਸ਼ੀਆਂ ਨੂੰ ਪਕੜਨ ਵਲੋਂ ਤੇ ਸਜ਼ਾ ਦੇਣ ਵਲੋਂ ਸ੍ਰਕਾਰ ਦੀ ਲਾਪਰਵਾਹੀ ਕਾਰਨ ਅਤੇ ਨਿਰਦੋਸ਼ ਅੰਮ੍ਰਿਤਧਾਰੀ ਸਿੰਘਾਂ ਤੇ ਅਤਿ ਦਰਜੇ ਦੇ ਕੀਤੇ ਜਾ ਰਹੇ ਜ਼ੁਲਮਾਂ ਆਦਿ ਨੂੰ ਮੁਖ ਰਖ ਕੇ ਸ਼੍ਰੋਮਣੀ ਅਕਾਲੀ ਦਲ ਨੇ ਜੋ ੪ ਅਗਸਤ ਤੋਂ ਸ਼ਾਂਤਮਈ ਮੋਰਚਾ ਅਰੰਭ ਕੀਤਾ ਹੋਇਆ ਹੈ, ਉਸ ਵਿਚ ਅਕਾਲੀ ਦਲ ਵਲੋਂ ਦਸੇ ਗਏ ਅੰਕੜਿਆਂ ਅਨੁਸਾਰ ੨੯ ਸਤੰਬਰ ਸ਼ਾਮ ਤਕ ਸਿੰਘਾਂ ਅਤੇ ਬੀਬੀਆਂ ਨੇ ਜੋ ਗ੍ਰਿਫਤਾਰੀਆਂ ਦਿਤੀਆਂ ਹਨ, ਉਨ੍ਹਾਂ ਦੀ ਗਿਣਤੀ ਹੈ— ੧੯੪੨੭ + ੨੩੦=੧੯੬੫੭

www.AKJ.Org

ਜਿਵੇਂ ਦਾਸ ਅੱਜ ਮਨ ਭਰ ਕੇ ਆਪ ਜੀ ਦੇ ਦਰਸ਼ਨ ਕਰ ਰਿਹਾ ਹੈ, ਇਹ ਨਜ਼ਾਰਾ, ਜਿੰਨਾ ਚਿਰ ਦਾਸ ਜੇਲ੍ਹ ਵਿਚ ਰਹੇਗਾ, ਦਾਸ ਦਿਆਂ ਨੇਤਰਾਂ ਵਿਚ ਸਮਾਇਆ ਰਹੇਗਾ। ਦਾਸ ਚਾਹੁੰਦਾ ਹੈ ਕਿ ਆਪ ਜੀ ਦੀ ਕੋਈ ਯਾਦ ਦਾਸ ਦੇ ਕੰਨਾਂ ਵਿਚ ਵੀ ਆ ਜਾਏ, ਜਿਸ ਦੀ ਗੂੰਜ ਹਮੇਸ਼ਾ ਹੀ ਦਾਸ ਦੇ ਕੰਨਾਂ ਵਿਚ ਸੁਣਾਈ ਦੇਂਦੀ ਰਹੇ, ਅਤੇ ਜੇਲ੍ਹ-ਯਾਤਰਾ ਵਿਚ ਸਾਨੂੰ ਇਸ ਤੋਂ ਸਹਾਰਾ ਮਿਲਦਾ ਰਹੇ। ਰੱਬ ਹੈ 'ਨਾਮ', ਗੁਰੂ ਹੈ 'ਨਾਮ', ਉਸ ਦਾ ਮੰਤ੍ਰ ਹੈ 'ਨਾਮ'। ਨਾਮ-ਸਿਮਰਨ ਕਰਕੇ ਹੀ ਵਾਹਿਗੁਰੂ ਦਾ ਮਿਲਾਪ ਸੰਭਵ ਹੈ। ਕਲਗੀਧਰ ਪਾਤਸ਼ਾਹ ਜੀ ਨੇ ਉਸ 'ਨਾਮ' ਨੂੰ ਖ਼ਾਲਸੇ ਦੀ ਪਰਸਪਰ ਫਤਹ (greeting) ਵਿਚ ਦੋ ਵਾਰੀ ਸ਼ਾਮਲ ਕਰ ਦਿਤਾ ਹੈ, ਤਾਂ ਜੁ ਜੇ ਇਕ ਸਿੰਘ ਫਤਹ ਬੁਲਾਵੇ ਤਾਂ ਸੁਤੇ ਹੀ ਉਸ ਦੀ ਰਸਨਾ ਦੋ ਵਾਰ ਨਾਮ ਦਾ ਸਿਮਰਨ ਕਰੇ।

ਅੱਜ ਸੰਗਤ ਰੂਪ ਵਿਚ ਹਾਜ਼ਰੀ ਅੰਦਾਜ਼ਨ ਵੀਹ ਹਜ਼ਾਰ (੨੦,੦੦੦) ਦੀ ਹੈ। ਜੇ ਆਪ ਜੀ ਸਾਰੇ ਦਾਸ ਨੂੰ ਫਤਹ ਦਾ ਜਵਾਬ ਫਤਹ ਵਿਚ ਗਜ ਵਜ ਕੇ ਦਿਓ ਤਾਂ ਚਾਲੀ ਹਜ਼ਾਰ (੪੦,੦੦੦) ਵਾਰੀ ਸਿਮਰੇ ਹੋਏ ਨਾਮ ਦੀ ਗੁੰਜਾਰ ਸਾਰਿਆਂ ਦੇ ਕੰਨਾਂ ਵਿਚ ਪੈ ਜਾਏਗੀ। ਇਹ ਹੈ ਸੰਗਤ ਦਾ ਲਾਭ। ਸੋ, ਕੋਈ ਮੁਖ ਫਤਹ ਤੋਂ ਸੁੰਞਾ ਨਾ ਰਹੇ– ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ ॥

ਨੋਟ :–ਦੀਵਾਨ ਹਾਲ ਵਿਚ ਸਜੀ ਸੰਗਤ ਵਲੋਂ ਗਜਾਈ ਫਤਹ ਨਾਲ ਅਕਾਸ਼ ਗੂੰਜ ਉਠਿਆ। ਸੰਗਤਾਂ ਦਾ ਇਤਨਾ ਇਕੱਠ ਸੀ ਅਤੇ ਉਤਸ਼ਾਹ ਸੀ ਕਿ ਕੁਤਵਾਲੀ ਤਕ ਤਿਲ ਮਾਰਿਆਂ ਭੁੰਜੇ ਨਹੀਂ ਸੀ ਪੈਂਦਾ। ਜਥਾ ਅਤੇ ਸਥਾਨਕ ਸੰਗਤਾਂ ਕੀਰਤਨ ਕਰਦੀਆਂ ਹੋਈਆਂ ਕੁਤਵਾਲੀ ਤਕ ਆਈਆਂ। ਰਾਤ ੯ ਵਜੇ ਤਕ ਸਾਰਾ ਜਥਾ ਗ੍ਰਿਫਤਾਰ ਕੀਤਾ ਗਿਆ ਅਤੇ ਸੈਂਟਰਲ ਜੇਲ੍ਹ ਅੰਮ੍ਰਿਤਸਰ ਪਹੁੰਚਾ ਦਿਤਾ ਗਿਆ।

ਹੁਣ ਜੇਲ੍ਹ ਅੰਦਰ ਬਿਬੇਕ ਦਾ ਲੰਗਰ, ਪੂਰਨ ਅੰਮ੍ਰਿਤ ਵੇਲੇ ਦੀ ਸੰਭਾਲ, ਨਿਤਨੇਮ ਅਤੇ ਸਵੇਰੇ ਸ਼ਾਮ ਕੀਰਤਨ ਦਾ ਪ੍ਰਵਾਹ ਚੱਲ ਰਿਹਾ ਹੈ। ਸਤਿਗੁਰੂ ਦੀਆਂ ਮਿਹਰਾਂ ਹਨ।

---

# ਉਠ ਖਾਲਸਾ, ਹੁਸ਼ਿਆਰ ਹੋ!

[ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ, ਜ਼ਿਲਾ ਗੁੜਗਾਉਂ]

ਅੱਜ ਤੇਰੇ ਚਮਨ ਤੇ ਹੈ ਪੈ ਰਹੀ ਤਿਰਛੀ ਨਜ਼ਰ। ਪਰ ਤੂੰ ਸੁੱਤਾ ਘੂਕ ਹੈਂ ਓ ਖ਼ਾਲਸਾ, ਹੋ ਬੇਖ਼ਬਰ।
ਹਿਚਕਿਚੋਲੇ ਖਾ ਰਹੀ ਕਿਸ਼ਤੀ ਤੇਰੀ ਮੰਝਧਾਰ ਹੋ। ਖੇਵਟੂ ਬਣ ਪਾਰ ਲਾ ਉਠ ਖ਼ਾਲਸਾ ਹੁਸ਼ਿਆਰ ਹੋ।
ਜਿਨ੍ਹਾਂ ਦੀ ਕੀਤੀ ਸੀ ਰਖਸ਼ਾ ਤੂੰ ਨਿਤਾਣੇ ਜਾਣ ਕੇ। ਤੇਰੇ ਸਿਰ ਤੇ ਉਹ ਖੜੇ ਨੇ ਅਜ ਬੰਦੂਕਾਂ ਤਾਣ ਕੇ।
ਉੱਠ ਹਸਤੀ ਆਪਣੀ ਦਾ ਆਪ ਪਹਿਰੇਦਾਰ ਹੋ। ਉਸਲਵਟੇ ਭੰਨ ਕੇ ਬੇਦਾਰ ਹੋ, ਹੁਸ਼ਿਆਰ ਹੋ।
ਜ਼ਾਲਮਾਂ ਤੋਂ ਜਿਨ੍ਹਾਂ ਦੇ ਸੀ ਤੂੰ ਬਚਾਏ ਆਹਲਣੇ। ਅਜ ਮੱਥਾ ਲਾਉਂਦੀਆਂ ਘੁਗੀਆਂ ਉਹ ਤੇਰੇ ਨਾਲ ਨੇ।
ਘੂਕ ਸੁੱਤਾ ਜਾਗ ਹੁਣ ਤੇ ਕਮਰ ਕੱਸ ਤਈਆਰ ਹੋ। ਸਮਾਂ ਲੰਘਿਆ ਜਾ ਰਿਹੈ ਉਠ ਖਾਲਸਾ, ਹੁਸ਼ਿਆਰ ਹੋ।
ਜਿਨ੍ਹਾਂ ਦੀ ਖ਼ਾਤਰ ਤੂੰ ਜਿੰਦਾਂ ਕੀਤੀਆਂ ਕੁਰਬਾਨ ਸਨ।ਉਹ ਉਸ ਸਮੇਂ ਨਿਰਜਿੰਦ ਸਨ ਤੂੰ ਤੱਕਿਆ ਬੇਜਾਨ ਸਨ।
ਤੈਨੂੰ ਅੱਜ ਵੰਗਾਰਦੇ ਉਠ ਵੇਖ ਪੱਬਾਂ ਭਾਰ ਹੋ। ਤੇ ਭੇਤੀਆਂ ਦੀ ਚਾਲ ਤੋਂ ਹੁਸ਼ਿਆਰ ਹੋ, ਹੁਸ਼ਿਆਰ ਹੋ।
ਰੱਖਣੀ ਸੀ ਜਿਸ ਰਿਦੇ ਤਸਵੀਰ ਤੇਰੀ ਵੇਖ ਲੈ। ਵਿੱਸ ਘੋਲਣ ਲਗ ਪਈ ਉਹ ਹੀਰ† ਤੇਰੀ ਵੇਖ ਲੈ।
ਹੋ ਗਈ ਹੈ ਪਰਖ ਹੁਣ ਤੂੰ ਆਪ ਹੀ ਖ਼ੁਦਦਾਰ ਹੋ। ਬਣ ਮੁਹਾਫ਼ਜ਼ ਕੌਮ ਦਾ, ਉਠ ਖਾਲਸਾ ਹੁਸ਼ਿਆਰ ਹੋ।
ਜਿਸ ਦੇ ਲਈ ਤੂੰ ਰਿਹੋਂ ਸਾਰੇ ਸੁੱਖ ਆਪਣੇ ਵਾਰਦਾ। ਅਜ ਤੇਰੀ ਆਜ਼ਾਦ ਹਸਤੀ ਉਹ ਨਹੀਂ ਸਵੀਕਾਰਦਾ।
ਬਾਹੂ ਬਲ ਤੂੰ ਆਪਣੇ ਤੇ ਆਪ ਹੀ ਅਸਵਾਰ ਹੋ। ਛੱਡ ਨਖੱਤੀ ਨੀਂਦ ਨੂੰ, ਹੁਸ਼ਿਆਰ ਹੋ, ਹੁਸ਼ਿਆਰ ਹੋ।
ਤੇਰੀ ਹਸਤੀ ਜੱਗ ਤੋਂ ਕੋਈ ਮਿਟਾ ਸਕਦਾ ਨਹੀਂ। ਮੁੱਛ ਬੱਬਰ ਸ਼ੇਰ ਦੀ ਨੂੰ ਹੱਥ ਪਾ ਸਕਦਾ ਨਹੀਂ।
ਯਰਕ ਜਾਂਦੇ ਬਾਘ ਵੀ ਜੇ ਸਿੰਘ ਉਹ ਖ਼ੂੰ-ਖ਼ਾਰ ਹੋ। ਹੈ ਸਮੇਂ ਦੀ ਵੰਗਾਰ 'ਮਿੱਤਰ', ਖਾਲਸਾ ਹੁਸ਼ਿਆਰ ਹੋ।

† ਹਿੰਦਵਾਲਿਣ।

www.AKJ.Org

**ਰਸ਼ਤੇ ਨਾਤੇ**—(੧) ਚਿਠੀ ਇਸ ਪਤੇ ਤੇ ਲਿਖੋ :—ਫ਼ਾਰਮ ਨੰ:..... C/O ਸੂਰਾ, ਮਾਈ ਸੇਵਾਂ, ਅੰਮ੍ਰਿਤਸਰ।
(੨) ਕੇਵਲ ਅੰਮ੍ਰਿਤਧਾਰੀ ਤੇ ਸਾਕਾਹਾਰੀ ਬੱਚਿਆਂ ਲਈ ਹੀ ਚਿੱਠੀ ਪੱਤਰ ਕਰੋ।
(੩) ਰਿਸ਼ਤੇ ਨਾਤੇ ਦਾ ਫ਼ਾਰਮ 'ਸੂਰਾ' ਦਫ਼ਤਰ ਤੋਂ ਵਾਪਸੀ ਲਫ਼ਾਫ਼ਾ ਭੇਜ ਕੇ ਮੰਗਵਾਓ।

**ਫ਼ਾਰਮ ਨੰ:** 159–ਚੰਗੇ ਪੜ੍ਹੇ ਤੇ ਗੁਰਸਿਖ ਘਰਾਣੇ ਦੀ ਬੱਚੀ ਉਮਰ 23 ਸਾਲ, ਕੱਦ 5 ਫੁਟ 3 ਇੰਚ, ਐਮ. ਏ. ਪਾਸ, ਬੈਂਕ ਵਿਚ ਨੌਕਰੀ ਕਰਦੀ (ਸਾਕਾਹਾਰੀ) ਲਈ ਚੰਗੇ ਪੜ੍ਹੇ ਤੇ ਕੰਮ ਕਾਜ ਲਗੇ ਗੁਰਸਿਖ ਵਰ ਦੀ ਲੋੜ ਹੈ।

**ਫ਼ਾਰਮ ਨੰ:** 160–ਅੰਮ੍ਰਿਤਧਾਰੀ ਨਿਤਨੇਮੀ ਸਿੰਘ, ਬੀ. ਏ., ਉਮਰ 24 ਸਾਲ, ਕੱਦ ਪੌਣੇ ਛੇ ਫੁਟ, ਕੰਮ ਜ਼ਿਮੀਦਾਰਾ, ਲਈ ਯੋਗ ਅੰਮ੍ਰਿਤਧਾਰੀ ਬੀਬੀ ਦੀ ਲੋੜ ਹੈ।

**ਫ਼ਾਰਮ ਨੰ:** 161–ਅੰਮ੍ਰਿਤਧਾਰੀ ਸਿੰਘ, ਦਸਵੀਂ ਪਾਸ, ਉਮਰ ਸਾਢੇ ਚੌਵੀ ਸਾਲ, ਕੱਦ ਪੌਣੇ ਛੇ ਫੁਟ ਯੂਨੀਵਰਸਿਟੀ ਵਿਚ ਬਾਈਂਡਰ, ਲਈ ਯੋਗ ਬੱਚੀ ਦੀ ਲੋੜ ਹੈ।

**ਫ਼ਾਰਮ ਨੰ:** 162–ਅੰਮ੍ਰਿਤਧਾਰੀ ਨਿਤਨੇਮੀ ਸਿੰਘ, ਦਸਵੀਂ ਪਾਸ, ਉਮਰ 26 ਸਾਲ ਕੱਦ 5 ਫੁਟ 5 ਇੰਚ, ਬਜ਼ਾਜ਼ੀ ਦੀ ਦੁਕਾਨ, ਲਈ ਯੋਗ ਬੱਚੀ ਦੀ ਲੋੜ ਹੈ।

**ਫ਼ਾਰਮ ਨੰ:** 163–ਅੰਮ੍ਰਿਤਧਾਰੀ ਨਿਤਨੇਮੀ ਸਿੰਘ, ਐਮ.ਐਸ-ਸੀ. ਗਜ਼ਟਿਡ ਅਫ਼ਸਰ, ਉਮਰ 26 ਸਾਲ, ਕੱਦ 5 ਫੁਟ 7 ਇੰਚ, ਲਈ ਅੰਮ੍ਰਿਤਧਾਰੀ ਨਿਤਨੇਮੀ, ਗ੍ਰੈਜੂਏਟ ਬੀਬੀ ਦੀ ਲੋੜ ਹੈ। ਸਰਵਿਸ ਕਰਦੀ ਨੂੰ ਤਰਜੀਹ।

**ਫ਼ਾਰਮ ਨੰ:** 164–ਅੰਮ੍ਰਿਤਧਾਰੀ ਸਿੰਘ, ਮੈਟ੍ਰਿਕ, ਉਮਰ 22 ਸਾਲ, ਕੱਦ 6 ਫੁਟ ਇਕ ਇੰਚ, ਜ਼ਮੀਨ 30 ਵਿਘੇ, ਚੰਗੀ ਆਮਦਨ, ਲਈ ਯੋਗ ਬੀਬੀ ਦੀ ਲੋੜ ਹੈ।

**ਫਾਰਮ ਨੰ:** 165–ਅੰਮ੍ਰਿਤਧਾਰੀ ਨਿਤਨੇਮੀ ਸਿੰਘ, ਗ੍ਰੈਜੂਏਟ, ਡਰਾਫ਼ਟਸਮੈਨ, 957/–P.M., ਉਮਰ 23 ਸਾਲ, ਕੱਦ 5 ਫੁਟ ਸਾਢੇ ਛੇ ਇੰਚ, ਲਈ ਕੇਸਕੀ ਸਹਿਤ ਅੰਮ੍ਰਿਤਧਾਰੀ ਸੁਸ਼ੀਲ ਤੇ ਸਰਕਾਰੀ ਸਰਵਿਸ ਵਾਲੀ ਬੀਬੀ ਦੀ ਲੋੜ ਹੈ।

**ਫਾਰਮ ਨੰ:** 166–ਅੰਮ੍ਰਿਤਧਾਰੀ ਨਿਤਨੇਮੀ ਸਿੰਘ, ਅੰਡਰ ਮੈਟਰਿਕ, ਮਿਲ ਵਿਚ ਮਿਸਤ੍ਰੀ, 850/-P.M;ਉਮਰ 24 ਸਾਲ, ਕੱਦ5 ਫੁਟ 7 ਇੰਚ,ਲਈ ਪੂਰਨ ਗੁਰਮਤੀ ਜੀਵਨ ਵਾਲੀ ਸਾਦਾ ਲਿਬਾਸ ਬੀਬੀ ਦੀ ਲੋੜ ਹੈ।

**ਫਾਰਮ ਨੰ:** 167–ਅੰਮ੍ਰਿਤਧਾਰੀ ਸਿੰਘ, ਪੰਜਵੀਂ ਪਾਸ, ਜ਼ਿਮੀਦਾਰਾ ਕੰਮ, ਆਮਦਨ 1000/–P.M., ਦੁਹਾਜੂ, ਦੋ ਬੱਚੇ ਹਨ, ਉਮਰ 30 ਸਾਲ, ਕੱਦ ਪੌਣੇ ਛੇ ਫੁਟ, ਲਈ ਗੁਰਸਿਖ ਬੀਬੀ ਦੀ ਲੋੜ ਹੈ।

**ਫਾਰਮ ਨੰ:** 168–ਅੰਮ੍ਰਿਤਧਾਰੀ ਸਿੰਘ, ਮੈਟ੍ਰਿਕ, ਡਰਾਫਟਸਮੈਨ, 800/–P.M., ਉਮਰ 21 ਸਾਲ, ਕੱਦ 5 ਫੁਟ 8 ਇੰਚ, ਲਈ ਯੋਗ ਬੱਚੀ ਦੀ ਲੋੜ ਹੈ।

**ਫਾਰਮ ਨੰ:** 169–ਅੰਮ੍ਰਿਤਧਾਰੀ ਕੇਸਕੀ ਸਹਿਤ ਬੀਬੀ, ਉਮਰ ਸਾਢੇ ਅਠਾਰਾਂ ਸਾਲ, ਕੱਦ 5 ਫੁਟ, ਲਈ ਰਹਿਤਵਾਨ, ਅੰਮ੍ਰਿਤਧਾਰੀ, ਸਾਕਾਹਾਰੀ, ਕੇਸਕੀ ਦਾ ਸਤਿਕਾਰ ਕਰਨ ਵਾਲੇ ਗੁਰਸਿਖ ਦੀ ਲੋੜ ਹੈ। ਵਿਦਿਆ ਤੇ ਆਮਦਨ ਆਦਿ ਦਾ ਕੋਈ ਵਿਚਾਰ ਨਹੀਂ।

**ਫਾਰਮ ਨੰ:** 170–ਅੰਮ੍ਰਿਤਧਾਰੀ ਕੇਸਕੀ ਸਹਿਤ ਬੀਬੀ, ਸਰਕਾਰੀ ਟੀਚਰ, 1050/–P.M., ਉਮਰ 35 ਸਾਲ, ਕੱਦ 5 ਫੁਟ 5 ਇੰਚ, ਲਈ ਯੋਗ ਜ਼ਿਮੀਦਾਰ ਘਰਾਣੇ ਦੇ ਵਰ ਦੀ ਲੋੜ ਹੈ। ਦੁਹਾਜੂ ਬਾਰੇ ਵਿਚਾਰ ਹੋ ਸਕਦੀ ਹੈ। ਲੜਕੀ ਦਾ ਭਰਾ ਅਮਰੀਕਾ ਵਿਚ ਡਾਕਟਰ ਹੈ।

**ਫਾਰਮ ਨੰ:** 171–ਗੁਰਸਿਖ ਬੀਬੀ, ਹਾਇਰ ਸੈਕੰਡਰੀ, I.T.I. ਡਿਪਲੋਮਾ, ਟੀਚਰ ਟ੍ਰੇਨਿੰਗ ਕਰ ਰਹੀ, ਉਮਰ 22 ਸਾਲ, ਕੱਦ 5 ਫੁਟ 4 ਇੰਚ, ਲਈ ਜ਼ਿਮੀਦਾਰ ਘਰਾਣੇ ਦੇ ਯੋਗ ਵਰ ਦੀ ਲੋੜ ਹੈ।



www.AKJ.Org

ਫ਼ਾਰਮ ਨੰ: 172–ਅੰਮ੍ਰਿਤਧਾਰੀ ਕੇਸਕੀ ਸਹਿਤ ਬੀਬੀ, ਐਮ. ਏ. (ਪੁਲੀਟੀਕਲ ਸਾਇੰਸ), ਉਮਰ ਸਾਢੇ 28 ਸਾਲ, ਕੱਦ 5 ਫੁਟ, ਲਈ ਅੰਮ੍ਰਿਤਧਾਰੀ ਸਿੰਘ ਦੀ ਲੋੜ ਹੈ । ਰਾਮਗੜ੍ਹੀਆ ਪਰਵਾਰ ਨੂੰ ਤਰਜੀਹ ।

ਫਾਰਮ ਨੰ: 173–ਅੰਮ੍ਰਿਤਧਾਰੀ ਨਿਤਨੇਮੀ ਬੀਬੀ ਐਮ, ਏ. ਬੈਂਕ ਸਰਵਿਸ 1000/–P.M., ਉਮਰ 22 ਸਾਲ, ਕੱਦ ਸਾਢੇ 5 ਫੁਟ, ਲਈ ਜ਼ਿਮੀਦਾਰ ਘਰਾਣੇ ਦੇ ਬੈਂਕ ਸਰਵਿਸ ਵਾਲੇ ਸਾਕਾਹਾਰੀ ਗੁਰਸਿਖ ਬੱਚੇ ਦੀ ਲੋੜ ਹੈ ।

ਫਾਰਮ ਨੰ: 174–ਪਰਦੇਸ ਬਹਿਰੀਨ ਰਹਿ ਰਹੇ ਅੰਮ੍ਰਿਤਧਾਰੀ ਮਿਸਤ੍ਰੀ ਸਿੰਘ, ਉਮਰ 22 ਸਾਲ, ਕਾਰਪੈਂਟਰ 2000–P.M., ਲਈ ਕੇਸਕੀ ਸਹਿਤ ਅੰਮ੍ਰਿਤਧਾਰੀ ਬੀਬੀ ਦੀ ਲੋੜ ਹੈ ।

ਫਾਰਮ ਨੰ: 175–ਅੰਮ੍ਰਿਤਧਾਰੀ ਬੀ. ਕਾਮ. ਅਕਾਊਟੈਂਟ 750/–P.M, ਫਰੀਦਾਬਾਦ ਵਿਚ ਆਪਣੇ ਮਕਾਨ ਵਿਚ ਮਾਤਾ ਦੇ ਨਾਲ ਰਹਿ ਰਹੇ ਗੁਰਸਿਖ ਉਮਰ 25 ਸਾਲ, ਲਈ ਅੰਮ੍ਰਿਤਧਾਰੀ ਕੇਸਕੀ ਸਹਿਤ, ਕੀਰਤਨ ਦੀ ਚਾਹਵਾਨ ਘਰੇਲੂ ਬੀਬੀ ਦੀ ਲੋੜ ਹੈ । ਸਿਨਮਾ, ਟੈਲੀਵੀਜ਼ਨ, ਰੇਡੀਓ ਤੋਂ ਪੂਰਾ ਪਰਹੇਜ਼।

ਫਾਰਮ ਨੰ: 176–ਅੰਮ੍ਰਿਤਧਾਰੀ ਨਿਤਨੇਮੀ ਸਿੰਘ, ਉਮਰ 48 ਸਾਲ, ਕੱਦ ਸਾਢੇ ਪੰਜ ਫ਼ੁਟ, ਦੁਹਾਦੂ ਤੇ ਦੋ ਬੱਚੇ, ਰੇਲਵੇ ਸਰਵਿਸ, 1600/–P.M., ਲਈ ਪੜ੍ਹੀ ਲਿਖੀ ਸੁਸ਼ੀਲ ਤੇ ਗੁਰਮੁਖ ਲੜਕੀ ਦੀ ਲੋੜ ਹੈ ।

---

## ਸੁਨਾਮ (ਸੰਗਰੂਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਹਰਭਜਨ ਸਿੰਘ ਸੁਨਾਮ ਸੂਚਿਤ ਕਰਦੇ ਹਨ ਕਿ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਤਿਕਾਰ ਹਿਤ ਸ੍ਰੀ ਅੰਮ੍ਰਿਤਸਰ ਸਾਕੇ ਦੇ ਸ਼ਹੀਦ ਭਾਈ ਰਘਬੀਰ ਸਿੰਘ ਅਤੇ ਸਮੂਹ ਸ਼ਹੀਦ ਸਿੰਘਾਂ ਦੀ ਯਾਦ ਵਿਚ ੯ ਅਕਤੂਬਰ ਸ਼ਨੀਵਾਰ ਦੀ ਰਾਤ ਨੂੰ ਗੁਰਦਵਾਰਾ ਅਕਾਲ ਗੜ੍ਹ, ਨੇੜੇ ਪੁਰਾਣੀ ਸਬਜ਼ੀ ਮੰਡੀ ਸੁਨਾਮ ਵਿਖੇ ਸੋਦਰ ਤੋਂ ਉਪਰੰਤ ਰੈਣ ਸਬਾਈ ਕੀਰਤਨ ਹੋ ਰਹੇ ਹਨ । ਆਇ ਜੁੜੋ ਜੀ ।

## ਗਿਦੜਬਾਹਾ (ਮੋਗਾ) ਵਿਖੇ ਅਖੰਡ ਕੀਰਤਨ

ਭਾਈ ਅਮਰਜੀਤ ਸਿੰਘ ਮੋਗਾ ਸੂਚਿਤ ਕਰਦੇ ਹਨ ਕਿ ਗੁ:ਦੁਖ ਨਿਵਾਰਨ ਸਾਹਿਬ ਕਨੌਲੀ, ਗਿਦੜਬਾਹਾ ਵਿਖੇ ੯ ਤੇ ੧੦ ਅਕਤੂਬਰ ਸ਼ਨੀਵਾਰ ਤੇ ਐਤਵਾਰ ਰਾਤ ਨੂੰ ੭ ਤੋਂ ੧੨ ਤਕ ਕੀਰਤਨ ਸਮਾਗਮ ਹੋਰਹੇ ਹਨ ।

## ਪਿੰਡ ਫ਼ਤਹਪੁਰ (ਆਦਮਪੁਰ) ਵਿਚ ਕੀਰਤਨ ਸਮਾਗਮ

ਭਾਈ ਅਮੋਲਕ ਸਿੰਘ ਕੂਕਰ ਸੂਚਨਾ ਦਿੰਦੇ ਹਨ ਕਿ ਆਪਣੀ ਬੱਚੀ ਦੇ ਜਨਮ-ਦਿਨ ਸਮੇਂ ੩ ਅਕਤੂਬਰ ਐਤਵਾਰ ਨੂੰ ਸਹਿਜ ਪਾਠ ਦੇ ਭੋਗ ਦੇ ਨਾਲ ਕੀਰਤਨ ਸਮਾਗਮ ਹੋ ਰਹੇ ਹਨ । ਦਰਸ਼ਨ ਦੇ ਕੇ ਨਿਵਾਜੋ ਜੀ । ਪਿੰਡ ਫ਼ਤਹਪੁਰ ਆਦਮਪੁਰ (ਹੁਸ਼ਿਆਰਪੁਰ ਰੋਡ) ਤੋਂ ਇਕ ਕਿਲੋਮੀਟਰ ਹੈ ।

---

**ਸ਼ਹੀਦਾਂ ਦੀ ਯਾਦ ਵਿਚ 16 ਅਕਤੂਬਰ ਨੂੰ ਗੁ: ਮੰਜੀ ਸਾਹਿਬ ਵਿਖੇ ਰੈਣ ਸਬਾਈ ਕੀਰਤਨ ਹੋਣਗੇ ।**

**ਦਿਆਲਪੁਰ ਵਿਖੇ 9 ਅਕਤੂਬਰ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ ।**

---

## ਅਸੀਂ ਦੂਜਿਆਂ ਦਾ ਦਸਵੰਧ ਨਾ ਵਰਤੀਏ

ਜਿਨ੍ਹਾਂ ਪੁਰਾਣੇ ਅਮਾਨਤੀ ਲਾਈਫ਼ ਮੈਂਬਰਾਂ ਵਲੋਂ ਅਜੇ ਤਕ ਵਧੇ ਚੰਦਿਆਂ ਦੇ ਰੇਟ ਅਨੁਸਾਰ ੫੦/- ਨਹੀਂ ਪੁਜੇ, ਉਨ੍ਹਾਂ ਦਾ ਘਾਟਾ ਸੰਗਤਾਂ ਦੇ ਦਸਵੰਧ ਵਿਚੋਂ ਆਈ ਸਹਾਇਤਾ ਨਾਲ ਪੂਰਾ ਕੀਤਾ ਜਾ ਰਿਹਾ ਹੈ । ਅਸੀਂ ਸਾਰੇ ਸੱਜਣ ਛੇਤੀ ਜਤਨ ਕਰੀਏ ਅਤੇ ੫੦/- ਹੋਰ ਭੇਜ ਕੇ ਆਪਣੀ ਅਮਾਨਤ ੧੫੦/- ਪੂਰੀ ਕਰ ਕੇ ਚੰਦਾ ਪੂਰਾ ਕਰ ਦੇਈਏ ।

www.AKJ.Org

## ਸੂਰਾ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ 17 ਪਾਠਕਾਂ ਵਿਚੋਂ 3 ਅਮਰੀਕਾ-ਕੈਨੇਡਾ ਦੇ 750/-ਫੀ, 4 ਯੂ.ਕੇ. ਦੇ 650/-ਫ਼ੀ ਅਤੇ ਬਾਕੀ ਸਭਨਾਂ ਦੇ ਡੇਢ ਡੇਢ ਸੌ ਰੁਪਏ ਪੁਜੇ ਹਨ । ਇਨ੍ਹਾਂ ਦੀ ਬੈਂਕ ਚੋਂ ਬਣਵਾਈ ਸਾਂਝੀ ਐਫ਼. ਡੀ. ਦਾ ਨੰਬਰ ਹੈ-313832/545/82 ਮਿਤੀ 2 . 9.82 ਤੋਂ 24.9.85, ਰਕਮ 6350/-

ਸ: ਗੁਰਬਚਨ ਸਿੰਘ ਜ਼ਗਪਾਲ ਸਿੰਘ ੬੦੪੩, ਸ: ਰਣਜੀਤ ਸਿੰਘ ਕਾਨਪੁਰ ੬੦੪੪, ਐਚ. ਐਸ. ਬੈਂਸ ਅਮਰੀਕਾ ੬੦੪੫ (੨੨੦੨), ਸ: ਤੇਜਿੰਦਰ ਸਿੰਘ ਰੋਪੜ ੬੦੪੬, ਸ: ਦਰਸ਼ਨ ਸਿੰਘ ਮੇਰਠ ਸਿਟੀ ੬੦੪੭, ਸ: ਸੁਰਜੀਤ ਸਿੰਘ ਫਰੀਦਕੋਟ ੬੦੪੮, ਸ: ਹਰਦਿਆਲ ਸਿੰਘ ਜੌਹਲ ਕੈਨੇਡਾ ੬੦੪੯ (੨੨੨੬), ਸ: ਸਤਿੰਦਰ ਸਿੰਘ ਚੰਡੀਗੜ੍ਹ ੬੦੫੦, ਸ੍ਰੀਮਤੀ ਬੀ: ਕੁਲਵੰਤ ਕੌਰ ਨੋਗਜਾ ੬੦੫੧,ਸ੍ਰੀਮਤੀ ਬੀ: ਹਰਜੀਤ ਕੌਰ ਡਰੋਲੀ ਕਲਾਂ ੬੮੫੨, ਸ: ਗੁਲਜ਼ਾਰ ਸਿੰਘ ਸੰਧੂ ਯੂ. ਕੇ. ੬੦੫੩ (੨੦੫੧), ਸ: ਹਰਦੇਵ ਸਿੰਘ ਸੰਧੂ ਕੈਨੇਡਾ ੬੦੫੪ (੨੨੩੨), ਸ: ਪ੍ਰਿਥੀਪਾਲ ਸਿੰਘ ਕਾਲੜਾ ਨਾਗਪੁਰ ੬੦੫੫, ਸ: ਜਰਨੈਲ ਸਿੰਘ ਅੰਮ੍ਰਿਤਸਰ ੬੦੫੬, ਸ: ਬਲਜੀਤ ਸਿੰਘ ਯੂ. ਕੇ. ੬੦੫੭ (੨੦੪੪), ਸ: ਰਾਮ ਸਿੰਘ ਗ੍ਰੇਵਜ਼ੈਂਡ ਯੂ. ਕੇ. ੬੦੫੮ (੨੦੪੬), ਸ: ਨਿਰਮਲ ਸਿੰਘ ਗ੍ਰੇਵਜ਼ੈਂਡ ਯੂ. ਕੇ. ੬੦੫੯ (੨੦੮੭)।

## ਸੂਰਾ ਦੇ ਪੁਰਾਣੇ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ 46 ਪੁਰਾਣੇ ਲਾਈਫ਼ ਮੈਂਬਰਾਂ ਵਲੋਂ ਪੰਜਾਹ ਪੰਜਾਹ ਰੁਪਏ ਪੁਜੇ ਹਨ । ਇਨ੍ਹਾਂ ਦੀ ਬੈਂਕ ਚੋਂ ਬਣਵਾਈ ਸਾਂਝੀ ਐਫ਼. ਡੀ. ਦਾ ਨੰਬਰ ਹੈ-313833/546/82 ਮਿਤੀ 24.9 82. ਤੋਂ 24.9.85. ਰਕਮ 2300/-

ਖਾਲਸਾ ਬ੍ਰਦਰਜ਼ ੩੦੦੯, ਸ: ਹਰਬੰਸ ਸਿੰਘ ਨਵੀਂ ਦਿਲੀ ੩੦੧੭, ਸ: ਸੁਹੇਲ ਸਿੰਘ ਦਿਲੀ ੩੦੩੬, Sgt. ਉਪਕਾਰ ਸਿੰਘ ੩੦੪੪, ਸ: ਸੁਖਬੀਰ ਸਿੰਘ ਦਿਲੀ ੩੦੬੪, ਸ: ਨਿਰਮਲ ਸਿੰਘ ਝੱਸ ੩੧੫੧, ਸ: ਸੰਤੋਖ ਸਿੰਘ ਮੇਰਠ ੩੧੬੮, ਸ: ਹਰਬੰਸ ਸਿੰਘ ਬਟਾਲਾ ੩੧੮੧, ਸ: ਨਰਿੰਦਰ ਸਿੰਘ ਅੰਮ੍ਰਿਤਸਰ ੩੧੮੨, ਸ: ਵਸਣ ਸਿੰਘ ਨਰੋਰਾ ੩੨੧੦, ਸ: ਹਰਜੀਤ ਸਿੰਘ ਪਟਿਆਲਾ ੩੨੧੮, ਸ: ਪ੍ਰੇਮ ਸਿੰਘ ਕਾਨਪੁਰ ੩੨੪੫, Hav. ਪ੍ਰੀਤਮ ਸਿੰਘ ੩੨੫੧, ਸਰਦਾਰਨੀ ਬਲਬੀਰ ਕੌਰ ੩੨੬੨, ਸ: ਸੁਰਿੰਦਰ ਸਿੰਘ ਯੂ, ਪੀ. ੩੨੬੩, ਮੈ: ਹੀਰਾ ਨੰਦ ਕਰਤਾਰ ਸਿੰਘ ੩੨੬੫, Sub./Maj. ਗੁਰਦਿਆਲ ਸਿੰਘ ੩੩੨੭, ਸ. ਅਤਰ ਸਿੰਘ ਕਾਨਪੁਰ ੩੩੪੩, ਸ. ਰੇਸ਼ਮ ਸਿੰਘ ਕਾਨ੍ਹਪੁਰ ੩੩੯੮, ਬੀਬੀ ਗੁਰਦੀਪ ਕੌਰ ਜਲੰਧਰ ੩੪੪੯, ਡਾ. ਰਾਜਿੰਦਰ ਸਿੰਘ ਬਰੇਲੀ ੩੪੫੫, ਸ. ਹਰਪਾਲ ਸਿੰਘ ਕੋਟਲਾ ੩੪੬੦, ਸ. ਸਤਨਾਮ ਸਿੰਘ ਖੁਰਾਣਾ ੩੪੭੦, ਸ. ਖਜ਼ਾਨ ਸਿੰਘ ਚੰਡੀਗੜ੍ਹ ੩੪੭੧, ਬੀਬੀ ਅਮਰਜੀਤ ਕੌਰ ਤਲਵੰਡੀ ਲਾਲ ਸਿੰਘ ੩੪੯੪, ਸ. ਭਾਗ ਸਿੰਘ ਕਾਨਪੁਰ ੩੫੧੦, ਸ. ਬਲਵੰਤ ਸਿੰਘ ਕਾਨਪੁਰ ੩੫੧੧, ਸ. ਸੁਰਜੀਤ ਸਿੰਘ ਅਹਿਮਦਾਬਾਦ ੩੫੫੩, ਸ. ਭਾਗ ਸਿੰਘ ਦਿਲੀ ੩੫੭੫, ਬੀਬੀ ਮਨਜੀਤ ਕੌਰ ASR. ੩੫੮੧, ਸ. ਸੋਹਣ ਸਿੰਘ ਖਾਲਸਾ ਨੰਗਲ ਲੁਬਾਣਾ ੩੫੮੪, ਸ. ਹਰਮਿੰਦਰ ਸਿੰਘ ਬੰਬੇ ੩੬੨੮, ਸ. ਹਰਪਾਲ ਸਿੰਘ ਸਿਧੂ X E.N. ੩੬੩੪, ਸ. ਕੇਹਰ ਸਿੰਘ ਸਿਧੂ ਕਾਨਪੁਰ ੩੬੫੪, ਸ. ਮਨਜੀਤ ਸਿੰਘ ਨਵੀਂ ਦਿਲੀ ੩੬੭੪, ਸ. ਰਾਮ ਸਿੰਘ ਖੇਤਰੀ ਨਗਰ ੩੭੦੬, ਸ: ਰੁਲਦਾ ਸਿੰਘ ਭੁਪਾਲ ੩੭੩੧, ਸ. ਬੀ. ਐਸ. ਸੇਖੋਂ ਕੋਰਬਾ ਕੋਲਰੀ ੩੭੪੪, ਸ. ਸਜਨ ਸਿੰਘ ਕੂਮ ਕਲਾ ੩੭੭੦, ਸ: ਹਰਦੀਪ ਸਿੰਘ ਕਲਕਤਾ ੩੭੭੯, ਸ. ਸਵਿੰਦਰ ਸਿੰਘ ਅਲਾਹਬਾਦ ੩੭੯੯, ਸ. ਜੀ. ਐਸ. ਬਾਵਾ ਅੰਮ੍ਰਿਤਸਰ ੩੮੦੦, ਸ. ਬਲਦੇਵ ਸਿੰਘ ਕਾਨਪੁਰ ੩੮੪੦, ਸ. ਜੋਗਾ ਸਿੰਘ ਬੰਬੇ ੩੮੪੧, ਸ. ਜਗੀਰ ਸਿੰਘ ਪਟਿਆਲਾ ੩੮੮੯, ਸ. ਹਰਜਿੰਦਰ ਸਿੰਘ ਬਠਿੰਡਾ ੩੮੯੭।



www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸ਼ਵ ਦੇ ਸੰਬੰਧ ਵਿਚ ਦਿਲੀ ਵਿਖੇ ਸਾਲਾਨਾ ਕੇਂਦਰੀ ਅਖੰਡ ਕੀਰਤਨ-ਸਮਾਗਮ

## ਸ਼ਨੀਵਾਰ ਸ਼ਾਮ 23 ਤੋਂ 27 ਅਕਤੂਬਰ 1982 ਬੁਧਵਾਰ ਸਵੇਰ ਤਕ

ਸਦਾ ਵਾਂਗ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਬਖ਼ਸ਼ਸ਼ ਸਦਕਾ ਗੁਰਪੁਰ ਵਾਸੀ ਪੰਥ ਰਤਨ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਕੀਰਤਨੀ ਜਥੇ 23 ਅਕਤੂਬਰ ਨੂੰ ਦਿਲੀ ਪੁਜ ਰਹੇ ਹਨ। ਇਸ ਕੇਂਦਰੀ ਸਮਾਗਮ ਦੇ ਨਾਲ ਹੀ ਐਤਕੀਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸ਼ਵ ਗੁਰਪੁਰਬ ਸਮਾਗਮ ਅ ਜਾਂਦਾ ਹੈ, ਇਸ ਕਰਕੇ ਜਲੰਧਰ ਵਿਖੇ ਮਨਾਏ ਜਾਣ ਵਾਲਾ ਇਹ ਗੁਰਪੁਰਬ ਸਮਾਗਮ ਵੀ ਜਥੇਬੰਦਕ ਤੌਰ ਤੇ ਦਿਲੀ ਦੇ ਇਸ ਸਮਾਗਮ ਦੇ ਨਾਲ ਹੀ ਮਨਾਇਆ ਜਾ ਰਿਹਾ ਹੈ। **ਵਖਰਾ ਜਲੰਧਰ ਵਿਖੇ ਇਹ ਸਮਾਗਮ ਨਹੀਂ ਹੋਵੇਗਾ।** ।ਸੋ ਸਮੂਹ ਦੇਸ ਪਰਦੇਸ ਦੀਆਂ ਸੰਗਤਾਂ ਦਿਲੀ ਦੇ ਕੀਰਤਨ ਸਮਾਗਮਾਂ ਵਿਖੇ ਹਾਜ਼ਰੀਆਂ ਭਰ ਕੇ ਗੁਰੂ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋਵੇਗਾ :—

| | ਕੀਰਤਨ ਆਸਾ ਦੀ ਵਾਰ (ਅਰੰਭ ਸਵੇਰੇ 5 ਵਜੇ) | | ਸੋਦਰ ਤੇ ਕੀਰਤਨ (ਸ਼ਾਮ 7 ਤੋਂ 9) |
|---|---|---|---|
| 23 ਅਕਤੂਬਰ | — | | ਸ੍ਰੀ ਗੁਰੂ ਸਿੰਘ ਸਭਾ ਕਰੋਲ ਬਾਗ |
| 24 ,, | ਗੁਰਦੁਆਰਾ ਸੀਸ ਗੰਜ ਸਾਹਿਬ | | ਗੁਰਦੁਆਰਾ ਰਕਾਬ ਗੰਜ ਸਾਹਿਬ |
| 25 ,, | ਗੁਰਦੁਆਰਾ ਬੰਗਲਾ ਸਾਹਿਬ | | ਗੁਰਦੁਆਰਾ ਬੰਗਲਾ ਸਾਹਿਬ |
| 26 ,, | ਗੁਰਦੁਆਰਾ ਬੰਗਲਾ ਸਾਹਿਬ | ਰੈਣ ਸਬਾਈ 8 ਵਜੇ ਰਾਤ ਅਰੰਭ | ਗੁਰਦੁਆਰਾ ਬੰਗਲਾ ਸਾਹਿਬ |

ਅੰਮ੍ਰਿਤ-ਸਿੰਚਾਰ—26 ਅਕਤੂਬਰ ਦਿਨੇ 2 ਵਜੇ ਗੁ: ਬੰਗਲਾ ਸਾਹਿਬ (27 ਅਕਤੂਬਰ ਸਵੇਰੇ 6 ਵਜੇ ਸਮਾਪਤੀ)

ਨਿਵਾਸ ਅਸਥਾਨ—ਗੁਰੂ ਤੇਗ ਬਹਾਦਰ ਖਾਲਸਾ ਹਾਇਰ ਸੈਕੰਡਰੀ ਸਕੂਲ, ਦੇਵ ਨਗਰ, ਕਰੋਲ ਬਾਗ, ਨਵੀਂ ਦਿਲੀ।

ਪੁਛ ਗਿਛ : ਭਾਈ ਮੇਹਰ ਸਿੰਘ 7/71-ਏ, ਮੋਤੀ ਨਗਰ, ਨਵੀਂ ਦਿਲੀ-15 ਦਾਸਰੋ-ਅਖੰਡ ਕੀਰਤਨੀ ਜਥਾ, ਦਿਲੀ

---

## ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ

ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਖ਼ਾਤਰ ਹੋਏ ਸ਼ਹੀਦ ਸਿੰਘਾਂ ਦੀ ਯਾਦ ਵਿਚ ਲੁਧਿਆਣੇ ਜ਼ਿਲੇ ਦੇ ਪਿੰਡਾਂ ਵਿਚ ਹੋ ਰਹੇ ਹਫ਼ਤਾਵਾਰੀ ਮੰਗਲਵਾਰ ਸ਼ਾਮ 7-30 ਤੋਂ 9-30 ਦੇ ਪ੍ਰੋਗਰਾਮ ਮਹੀਨਾ ਅਕਤੂਬਰ ਨਵੰਬਰ ਦੇ ਹੇਠ ਲਿਖੇ ਅਨੁਸਾਰ ਹਨ :—

5 ਅਕਤੂਬਰ ਮਾਣੂਕੇ (ਜਗਰਾਉਂ ਵਲ), 12 ਅਕਤੂਬਰ ਦੁਲਵਾਂ (ਅਮੀਰ ਨਗਰ) ਮਲੇਰਕੋਟਲੇ ਵਲ, 19 ਅਕਤੂਬਰ ਕੈਲਪੁਰ (ਦਾਖੇ ਵਲ), 26 ਅਕਤੂਬਰ ਸੀਲੋਂ ਖ਼ੁਰਦ (ਆਲਮਗੀਰ ਵਲ), 9 ਨਵੰਬਰ ਬੁੰਦੇਲ (ਸੁਧਾਰ ਵਲ)

ਦਾਸਰਾ—ਦਰਸ਼ਨ ਸਿੰਘ ਡਾਕਟਰ, 614-ਆਰ, ਮਾਡਲ ਟਾਊਨ, ਲੁਧਿਆਣਾ

---

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ

ਭਾਈ ਗੁਰਨਾਮ ਸਿੰਘ ਜੀ ਰੈਡਿੰਗ ਤੋਂ ਸੂਚਨਾ ਦਿੰਦੇ ਹਨ ਕਿ 16-10-82 ਸ਼ਨੀਵਾਰ ਸ਼ਾਮ 7 ਵਜੇ ਸ੍ਰੀ ਗੁਰੂ ਸਿੰਘ ਸਭਾ, 100 North Street off London Road, BARKING ESSEX (ਟੈਲੀਫੋਨ 01-594-3940) ਵਿਖੇ ਰੈਣ ਸਬਾਈ ਹੋ ਰਹੀ ਹੈ। ਐਤਵਾਰ ਸਵੇਰੇ 6 ਵਜੇ ਸਮਾਪਤੀ। ਪੁਛ ਗਿਛ—ਭਾਈ ਗਿਆਨ ਸਿੰਘ ਦੀ ਫੋਨ 01-471-5413

---

## ਧਰਮ ਯੁਧ ਮੋਰਚੇ ਦੇ ਕਾਰਨ ਫ਼ੀਰੋਜ਼ਪੁਰ ਦਾ ਸਾਲਾਨਾ ਪ੍ਰੋਗਰਾਮ

ਅਗਾਂਹ ਤੇ ਪਾ ਦਿਤਾ ਗਿਆ ਹੈ। ਤਰੀਕਾਂ ਫਿਰ ਦਸੀਆਂ ਜਾਣਗੀਆਂ

---

ਅਖੰਡ ਕੀਰਤਨੀ ਜਥਾ ਯੂ. ਕੇ. ਦੇ Asstt. Gen. Secy. ਸ: ਸੰਤੋਖ ਸਿੰਘ ਦਾ ਐਡਰੈਸ ਹੁਣ ਇਹ ਹੈ–

2109-54 St., Edmonton-Alberta-Canada T6L-IT7

www.AKJ.Org



← ਬੀਬੀ ਹਰਸ਼ਰਨ ਕੌਰ ਜੀ ਗੁ: ਮੰਜੀ ਸਾਹਿਬ ਵਿਖੇ ਗ੍ਰਿਫਤਾਰੀ ਦੇਣ ਤੋਂ ਪਹਿਲਾਂ ਭਾਸ਼ਨ ਕਰਦੇ ਹੋਏ

ਜਥੇਦਾਰ ਰਾਮ ਸਿੰਘ ਜੀ ਅਤੇ ਅਖੰਡ ਕੀਰਤਨੀ ਜਥੇ ਦੇ ਕੁਝ ਹੋਰ ਸਿੰਘ ਗ੍ਰਿਫਤਾਰੀ ਦੇਣ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਖੇ ↓



www.AKJ.Org